੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥
ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ।

# ਖਾਲਸਾ ਸਮਾਚਾਰ
# Khalsa Samachar

Rs. 5/-

ਸਪਤਾਹਿਕ/Weekly | ਸੰਸਥਾਪਕ: ਭਾਈ ਸਾਹਿਬ ਭਾਈ ਵੀਰ ਸਿੰਘ | Founded by Bhai Vir Singh in 1899 | www.bvsss.org

Issue 28, 15-21 July, 2021, Vol. 31

**Subscription in INR :** India Yearly 250/-, Life 2500/- | Abroad Yearly 2500/-, Life 25000/-

ਅੰਕ ੨੮, ੧੫-੨੧ ਜੁਲਾਈ ੨੦੨੧, ਜਿਲਦ ੩੧ | ੩੧ ਹਾੜ-੬ ਸਾਵਣ ੨੦੭੮, ਨਾਨਕਸ਼ਾਹੀ ਸੰਮਤ ੫੫੩

ਮੀਰੀ ਪੀਰੀ ਦਿਵਸ : 19 ਜੁਲਾਈ


# ਮੀਰੀ ਪੀਰੀ

❖ ਭਾਈ ਸਾਹਿਬ ਭਾਈ ਵੀਰ ਸਿੰਘ

ਸ੍ਰੀ ਗੁਰੂ ਜੀ ਧਰਮ ਪ੍ਰਚਾਰ ਤੇ ਬੀਰ ਰਸੀ ਜੀਵਨ ਦੁਇ ਪਹਿਲੂ-ਬ-ਪਹਿਲੂ ਬਨਾ ਰਹੇ ਸਨ। ਅੰਮ੍ਰਿਤ ਵੇਲੇ ਤੇ ਦਿਨ ਚੜ੍ਹੇ ਧਰਮ ਪ੍ਰਚਾਰ ਹੁੰਦਾ। ਦਿਨ ਢਲੇ ਬੀਰ ਰਸੀ ਰੰਗ ਬਝਦੇ, ਯਥਾ:-

> ਕਰਹਿਂ ਅਖੇਰਬ੍ਰਿਤ ਕੀ ਲੀਲਾ। ਧਰਹਿਂ ਸ਼ਸਤ੍ਰ ਕਰਿ ਅੰਗ ਛਬੀਲਾ। ਆਇ ਅਕਾਲ ਤਖਤਿ ਪਰ ਸੋਹੈਂ। ਲਗਹਿ ਦਿਵਾਨ ਪਿਖਿਹਂ ਮਨ ਮੋਹੈਂ॥੧੨॥ ਸੁੰਦਰ ਚੌਂਕੀ ਸਬਦ ਸੁਨੰਤੇ। ਸੰਗਤਿ ਆਇ ਰੂਪ ਦਰਸੰਤੇ। ਬਹੁਰ ਜਾਇ ਨਿਜ ਮਹਿਲ ਮਝਾਰਾ। ਅਨਿਕ ਸ੍ਵਾਦ ਕੇ ਅਚਹਿਂ ਅਹਾਰਾ॥੧੩॥ ਜਾਮ ਗਏ ਜਾਮਨਿ ਸੁਪਤਾਵੈਂ। ਰਹੇ ਜਾਮ ਉਠਿ ਸੋਚਿ ਨਹਾਵੈਂ। ਇਸਿ ਬਿਧਿ ਕਰਿ ਹੈਂ ਨਿਤ ਬਿਵਹਾਰੂ। ਦਿਨ ਪ੍ਰਤਿ ਬਲੀ ਹੋਤਿ ਦੁਤਿ ਚਾਰੂ॥14॥
>
> {ਸੂ. ਪ੍ਰ. ਰਾ: ੪, ਅੰਸੂ ੪੪, ਸਫ਼ਾ ੨੪੧੧}

ਇਸ ਪ੍ਰਕਾਰ ਪ੍ਰਚਾਰ ਹੁੰਦਾ ਗਿਆ। ਘੋੜੇ ਸ਼ਸਤ੍ਰ ਆਦਿਕ ਕੁਛ ਬਾਹਰੋਂ ਸੰਗਤਾਂ ਵਲੋਂ ਆਉਣ ਲਗ ਪਏ, ਕੁਛ ਖਰੀਦੇ ਜਾਣ ਲਗ



ਪਏ। ਜੋਧੇ ਕੋਈ ਕੋਈ ਸਿੱਖ ਆ ਗਏ। ਕੋਈ ਨੌਕਰ ਰਖੇ। ਇਕ ਵੇਰ ਕਈ ਸੌ ਇਕਠੇ ਆ ਗਏ। ਫੇਰ ਇਕ ਵੇਰ ਮਾਝੇ ਮਾਲਵੇ ਵਿਚੋਂ ਵੀਹ ਪਚੀ ਦੀ ਉਮਰਾ ਦੇ ਗਭਰੂ ਤ੍ਰੈ ਚਾਰ ਸੌ ਆ ਗਏ। ਸਾਰੇ ਰਖ ਲਏ। ਕਵੀ ਜੀ ਲਿਖਦੇ ਹਨ :-

> ਜਿਨਕੋ ਤੁਰਕ ਗਵਾਰ ਕਹੰਤੇ। ਨਹਿਨ ਚਾਕਰੀ ਹੇਤੁ ਰਖੰਤੇ। ਸਭਿ ਸਤਿਗੁਰੁ ਸੋ ਰਾਖਨਿ ਕਰੇ। ਬਸਤ੍ਰ ਸ਼ਸਤ੍ਰ ਦੇ ਸੁਭਤਾ ਧਰੇ॥25॥
>
> - {ਸੂ: ਪ੍ਰ: ਰਾ: ੪, ਅੰਸੂ ੪੪, ਸਫਾ ੨੪੧੨ }

ਫੇਰ ਇਨ੍ਹਾਂ ਲਈ ਘੋੜਿਆਂ ਦੇ ਪ੍ਰਬੰਧ ਹੋਏ। ਜੰਗੀ ਵਿਦਯਾ ਲਈ ਇਕ ਕਵਾਯਦ ਬਣਾਈ ਜੋ ਦੇਣ ਲਈ ਪਹਿਲੋਂ ਸਿਖਾਏ ਹੋਏ ਜੁਆਨ ਥਾਪੇ। ਇਨ੍ਹਾਂ ਵਿਚ ਬੀਰ ਰਸ ਤੇ ਦੇਸ਼ ਭਗਤੀ ਦਾ ਮਾਦਾ ਪੈਦਾ ਕਰਨ ਲਈ ਲਿਖਿਆ ਹੈ 'ਅਬਦੁਲ' ਨੂੰ ਰਖਿਆ। ਇਸਦਾ ਪੂਰਾ ਨਾਉਂ ਸੀ 'ਅਬਦੁਲ ਨਥਾ'। ਇਹ ਬੀਰ ਰਸੀ

## ਅੰਦਰ............


- ☐ ਤਿੰਨ ਲਾਹੌਰੀਏ 3
- ☐ Bhai Taru Singh 7
- ☐ ਸੌ ਸਾਲ ਪਹਿਲਾਂ: ਖੁੱਲ੍ਹਾ ਨੋਟਸ 10
- ☐ ਸ਼ਬਦ ਵਿਆਖਿਆ 11
- ☐ ਖ਼ਬਰ-ਸਾਰ 12

ਕਵਿਤਾ ਦਾ ਲਾਇਕ ਕਵੀ ਤੇ ਵਾਰਾਂ ਗਾਇਨ ਦਾ ਪ੍ਰਬੀਨ ਢਾਢੀ ਸੀ। ਜਿਸਦੇ ਗਾਇਨ ਨਾਲ ਬੀਰ ਰਸ ਠਾਠਾਂ ਮਾਰ ਉਠਦਾ ਸੀ। ਹੁਣ ਸੈਨਾ ਕੋਈ ਪੰਜ ਛੇ ਸੌ ਦੇ ਲਗ ਪਗ ਹੋ ਗਈ ਜੋ ਬੀਰ ਰਸ ਵਿਚ ਡੁਲ ਡੁਲ ਪੈਂਦੀ ਸੀ। ਗੁਰੂ ਜੀ ਨੂੰ ਜੋਧੇ ਕਈ ਵੇਰ ਆਖਦੇ:-

ਤੁਮਰੇ ਹੁਕਮ ਚੋਜ ਦਿਖਰਾਵੈਂ। ਅਰਪਜੋ ਰਾਵਰ ਕੇ ਪਗ ਸੀਸ। ਤੁਮਹਿ ਪ੍ਰਵਾਹ ਨ ਹੇ ਜਗਦੀਸ॥੧੧॥ ਦੁਹਿ ਲੋਕਨਿ ਕੀ ਚਹਿ ਕਲੱਜਾਨ। ਪਰੇ ਸ਼ਰਨਿ ਰਾਵਰ ਕੀ ਆਨਿ। ਇਸ ਬਿਧਿ ਬਹੁਤ ਬੀਰ ਰਸ ਵਧੇ। ਆਯੁਧ ਬਿੱਦਜਾ ਕੋ ਨਿਤ ਸਧੇ॥੧੨॥ ਜੋਧਾ ਬ੍ਰਿੰਦ ਬਿਲੰਦ ਅਨੰਦਤਿ। ਗੁਰ ਸੁਖਕੰਦ ਬੰਦਿ ਕਰ ਬੰਦਤਿ॥ ਸਰਬ ਦਰਬ ਲੇ ਸਦਨ ਪੁਚਾਵੈਂ। ਭੋਜਨ ਦੇਗ ਬਿਖੇ ਨਿਤ ਖਾਵੈਂ॥੧੩॥ ਸ਼ਸਤ੍ਰ ਬਸਤ੍ਰ ਬਖਸਹਿਂ ਭਟ ਗਨ ਕੋ। ਜੋ ਅਭਿਲਾਖਤਿ ਮਨ ਮਹਿਂ ਰਨ ਕੋ। ਇਮ ਨਿਤਪ੍ਰਤਿ ਅਤਿ ਚਿਤ ਉਤਸਾਹਿਤ। ਚਮੂੰ ਸਹਤ ਗੁਰ ਕਾਨਨ ਗਾਹਿਤ॥੧੪॥ -{ਸੂ. ਪ੍ਰ. ਰਾ: ੪, ਅੰਸੂ ੪੫, ਸਫਾ ੨੪੧੫}

ਆਪ ਦਾ ਸਰੀਰ ਅਤਿ ਸੁੰਦਰ ਸੀ ਤੇ ਡੀਲ ਲੰਮੀ ਹੋ ਗਈ। ਕਿਸੇ ਫਾਰਸੀ ਲੇਖਕ ਨੇ ਲਿਖਿਆ ਹੈ ਕਿ ਆਮ ਲੋਕਾਂ ਵਿਚੋਂ ਲੰਮੇ ਸਰੀਰਾਂ ਦੇ ਸਿਰ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਮੋਢਿਆਂ ਤਕ ਮਸਾਂ ਅਪੜਦੇ ਸਨ। ਕਵੀ ਜੀ ਆਪ ਦੇ ਸਰੀਰ ਦਾ ਵੇਰਵਾ ਤੇ ਜੰਗੀ ਅਭਜਾਸ ਬੜੇ ਸੋਹਣੇ ਪਦਾਂ ਵਿਚ ਲਿਖਦੇ ਹਨ:-

ਤਿਮ ਸ੍ਰੀ ਸਤਿਗੁਰੂ ਹਰਿਗੋਵਿੰਦ। ਕਰਹਿਂ ਸ਼ਿਕਾਰ ਬਿਹਾਰ ਬਿਲੰਦ॥੧੭॥ ਚਮੂੰ ਚਢਹਿਂ, ਨਭ ਮਹਿਂ ਰਜ ਛਾਵੈਂ। ਛੁਟੈਂ ਤੁਫੰਗਨਿ ਸ਼ਬਦ ਉਠਾਵੈਂ॥ ਮਹਾਂ ਕੁਦਾਇ ਪਲਾਇ ਤੁਰੰਗ। ਅਸ ਸੋਭਤਿ ਜਨੁ ਜਾਹਿਂ ਕੁਰੰਗ॥੧੮॥ ਦਿਨ ਪ੍ਰਤਿ ਸਤਿਗੁਰ ਚਾਰੁ ਸ਼ਰੀਰ। ਬਲ ਜੁਤਿ ਬਧਹਿ ਰਿਦੈ ਬਹੁ ਧੀਰ॥ ਚਰਨ ਬਿਲੰਦ ਮ੍ਰਿਦੁਲ ਅਰਬਿੰਦ। ਨਖ਼ ਸੁੰਦਰ ਜੁਤਿ ਅੰਗੁਰੀ ਬ੍ਰਿੰਦ॥੧੯॥ ਏਡੀ ਜੁਕਤ ਅਰੁਣ ਹੈ ਬਰਣ। ਗੁਲਫ ਉਤੰਗ ਸੁਭੋਪਰ ਚਰਣ। ਜਾਨੂੰ ਜੰਘ ਮਹਾਂ ਚਿਢ ਹੋਏ। ਮਨਹੁੰ ਓਜ ਕੇ ਥੰਭ ਖਰੋਏ॥੨੦॥ ਆਯੁਤ ਛਾਤੀ ਅਤਿਸੈ ਗਾਢੇ। ਬੱਜ੍ਰ ਕਪਾਟ ਕਠਨਿ ਰਿਪੁ ਠਾਂਢੇ॥ ਉਦਰ ਸਤ੍ਰਿਵਲੀ ਸੁੰਦਰ ਸੋਹਤਿ। ਨਾਭਿ ਗੰਭੀਰ ਦਿਖਤਿ ਚਿਤ ਮੋਹਤਿ॥੨੧॥ ਬਾਹੁ ਅਜਾਨ ਸੁ ਅਸ ਅਨੁਮਾਨੋ। ਸੁਭਤਿ ਕਰੀਕਰ ਬਲੀ ਮਹਾਨੋ॥ ਦਿਪਤਿ ਪ੍ਰਚੰਡ ਬਡੇ ਭੁਜਦੰਡ। ਮਨਹੁ ਬੱਜ੍ਰ ਕੇ ਇਹ ਜੁਗ ਖੰਡ॥੨੨॥.... ਜੰਗੀ ਤੀਰ ਫੁਲਾਦੀ ਖਪਰੇ। ਕਹਿ ਕਹਿ ਬ੍ਰਿੰਦ ਕਰਾਵਹਿਂ ਅਪਰੇ॥ ਹੋਰਿ ਹੋਰਿ ਤੀਖਨ ਖ਼ੜ ਤੀਰ। ਸ੍ਰੀ ਸਤਿਗੁਰੁ ਹਰਿਗੋਵਿੰਦ ਧੀਰ॥੩੩॥ ਤੁਰਕ ਸ਼ੱਤ੍ਰ ਗਨ ਅੰਗ ਮਝਾਰਾ। ਮਮ ਕਰ ਤੇ ਪ੍ਰਵਿਸ਼ਹਿਂ ਕਿਸ ਬਾਰਾ॥ ਕਬਹੁੰ ਜੰਗ ਮਹਿ ਹੋਇ ਨਿਸੰਗ। ਕਰੌਂ ਪ੍ਰਹਾਰਨਿ ਖਰਨਿ ਖਤੰਗ॥੩੪॥ ਕਬਿ ਤੁਫੰਗ ਕੋ ਗਹੈ ਚਲਾਵੈਂ। ਮਾਰਿ ਲੱਛ ਕੋ ਤਰੈ ਗਿਰਾਵੈਂ। ਮੁੰਗਰੀ ਗਾਹਿ ਭਾਰੀ ਕੋ ਫੇਰਹਿਂ। ਅਨਿਕ ਵਾਰਿ ਬਾਹਨਿ ਤੇ ਪ੍ਰੇਰਹਿਂ॥੩੫॥ ਸਰਬ ਨਰਨਿ ਤੇ ਡੀਲ ਬਡੇਰੋ। ਨਹਿ ਸਮ ਅਪਰ ਕਹੂੰ ਕਿਤ ਹੇਰੋ॥ ਭੁਜਾ ਜੰਘ ਆਦਿਕ ਅੰਗ ਸਾਰੇ। ਕਰਹਿਂ ਸਰਾਹਨਿ ਮਿਲਹਿਂ ਨਿਹਾਰੇ॥੩੬॥

– {ਸੂ. ਪ੍ਰ. ਰਾ. ੪, ਅੰਸੂ ੪੫, ਸਫ਼ਾ ੨੪੧੫, ੨੪੧੭}

ਇਸ ਪ੍ਰਕਾਰ ਦਿਨ ਪ੍ਰਤਿ ਦਿਨ ਆਪ ਦਾ ਭੌਤਕ ਸਰੀਰ ਵੱਡਾ ਹੁੰਦਾ ਗਿਆ। ਬੀਰ ਰਸੀ ਸਾਮਾਨ ਵਧਦੇ ਗਏ, ਪਰ ਪਰਮਾਰਥਿਕ ਫਰਜ਼ ਗੁਰਬਾਣੀ ਵਾਲੇ ਰਤਾ ਨਹੀਂ ਘਟੇ, ਨਾ ਉਨ੍ਹਾਂ ਵਲੋਂ ਰੁਚੀ ਘਟੀ। ਜਗਤ ਨੂੰ ਤਾਰਦੇ ਆਪ ਨਾਮ ਪ੍ਰੇਮ ਤੇ ਬਾਣੀ ਪ੍ਰੇਮ ਦੀ ਅਵਧੀ ਹੋਏ ਰਹੇ। ਬਾਣੀ ਪੜ੍ਹਨ ਵਿਚਾਰਣ ਦਾ ਸ਼ੌਕ ਬਹੁਤ ਸੀ। ਆਦਿ ਪਾਤਸ਼ਾਹੀ ਦਾ ਮਾਰੂ ਸੋਹਲੇ ਦਾ ਇਹ ਸ਼ਬਦ ਬੜੇ ਰੰਗਾਂ ਨਾਲ ਪੜ੍ਹਿਆ ਕਰਦੇ ਸਨ।

**ਮਾਰੂ ਮਹਲਾ ੧॥**

**ਆਪੇ ਕਰਤਾ ਪੁਰਖੁ ਬਿਧਾਤਾ॥ ਜਿਨਿ ਆਪੇ ਆਪਿ ਉਪਾਇ ਪਛਾਤਾ॥ ਆਪੇ ਸਤਿਗੁਰੁ ਆਪੇ ਸੇਵਕੁ ਆਪੇ ਸ੍ਰਿਸਟਿ ਉਪਾਈ ਹੇ॥੧॥ ਆਪੇ ਨੇੜੈ ਨਾਹੀ ਦੂਰੇ॥ ਬੂਝਹਿ ਗੁਰਮੁਖਿ ਸੇ ਜਨ ਪੂਰੇ॥ ਤਿਨ ਕੀ ਸੰਗਤਿ ਅਹਿਨਿਸਿ ਲਾਹਾ ਗੁਰ ਸੰਗਤਿ ਏਹ ਵਡਾਈ ਹੇ॥੨॥ ਜੁਗਿ ਜੁਗਿ ਸੰਤ ਭਲੇ ਪ੍ਰਭ ਤੇਰੇ॥ ਹਰਿ ਗੁਣ ਗਾਵਹਿ ਰਸਨ ਰਸੇਰੇ॥ ਉਸਤਤਿ ਕਰਹਿ ਪਰਹਰਿ ਦੁਖੁ ਦਾਲਦੁ ਜਿਨ ਨਾਹੀ ਚਿੰਤ ਪਰਾਈ ਹੇ॥੩॥ ਓਇ ਜਾਗਤ ਰਹਹਿ ਨ ਸੂਤੇ ਦੀਸਹਿ॥ ਸੰਗਤਿ ਕੁਲ ਤਾਰੇ ਸਾਚੁ ਪਰੀਸਹਿ॥ ਕਲਿਮਲ ਮੈਲੁ ਨਾਹੀ ਤੇ ਨਿਰਮਲ ਓਇ ਰਹਹਿ ਭਗਤਿ ਲਿਵ ਲਾਈ ਹੇ॥੪॥ ਬੂਝਹੁ ਹਰਿ ਜਨ ਸਤਿਗੁਰ ਬਾਣੀ॥ ਏਹੁ ਜੋਬਨੁ ਸਾਸੁ ਹੈ ਦੇਹ ਪੁਰਾਣੀ॥ ਆਜੁ ਕਾਲਿ ਮਰਿ ਜਾਈਐ ਪ੍ਰਾਣੀ ਹਰਿ ਜਪੁ ਜਪਿ ਰਿਦੈ ਧਿਆਈ ਹੇ॥੫॥ ਛੋਡਹੁ ਪ੍ਰਾਣੀ ਕੂੜ ਕਬਾੜਾ॥ ਕੂੜੁ ਮਾਰੇ ਕਾਲੁ ਉਛਾਹਾੜਾ॥ ਸਾਕਤ ਕੂੜਿ ਪਚਹਿ ਮਨਿ ਹਉਮੈ ਦੁਹੁ ਮਾਰਗਿ ਪਚੈ ਪਚਾਈ ਹੇ॥੬॥ ਛੋਡਿਹੁ ਨਿੰਦਾ ਤਾਤਿ ਪਰਾਈ॥ ਪੜਿ ਪੜਿ ਦਝਹਿ ਸਾਤਿ ਨ ਆਈ॥ ਮਿਲਿ ਸਤਸੰਗਤਿ ਨਾਮੁ ਸਲਾਹਹੁ ਆਤਮਰਾਮੁ ਸਖਾਈ ਹੇ॥੭॥**

– {ਮਾਰੂ ਸੋਲਹੇ ਮਹਲਾ ੧, ਅੰਗ ੧੦੨੫-੨੬}

**– ਸ੍ਰੀ ਅਸ਼ਟ ਗੁਰ ਚਮਤਕਾਰ**, ਭਾਗ 3

❖ ❖ ❖ ❖

# ਤਿੰਨ ਲਾਹੌਰੀਏ
# ਸਰਦਾਰ ਦਿਆਲ ਸਿੰਘ ਮਜੀਠੀਆ, ਸਰ ਗੰਗਾ ਰਾਮ ਅਤੇ ਭਾਈ ਰਾਮ ਸਿੰਘ

❖ ਸੁਭਾਸ਼ ਪਰਿਹਾਰ*





1799 ਵਿਚ ਲਾਹੌਰ ਉੱਪਰ ਮਹਾਰਾਜਾ ਰਣਜੀਤ ਸਿੰਘ ਦੇ ਕਬਜ਼ੇ ਤੋਂ ਤੀਹ ਕੁ ਸਾਲ ਪਹਿਲਾਂ ਤੋਂ ਇਸ ਇਲਾਕੇ ਉੱਪਰ ਸਿੱਖ ਸਰਦਾਰਾਂ ਦੀ ਤਿੱਕੜੀ ਕਾਬਜ਼ ਸੀ ਜਿਸ ਵਿਚ ਸਰਦਾਰ ਲਹਿਣਾ ਸਿੰਘ ਮਜੀਠੀਆ ਸ਼ਾਮਲ ਸੀ। ਮਜੀਠੀਏ ਸਰਦਾਰ ਸ਼ੇਰਗਿੱਲ ਗੋਤ ਦੇ ਜੱਟ ਸਨ (ਭਾਰਤ ਦੀ ਪਹਿਲੀ ਮਹਾਨ ਆਧੁਨਿਕ ਕਲਾਕਾਰ ਅੰਮ੍ਰਿਤਾ ਸ਼ੇਰਗਿੱਲ ਇਸੇ ਪਰਿਵਾਰ ਨਾਲ ਸਬੰਧਿਤ ਸੀ)। ਇਨ੍ਹਾਂ ਦਾ ਮੂਲ ਪਿੰਡ ਮਜੀਠਾ (ਅੰਮ੍ਰਿਤਸਰ ਦੇ 20 ਕੁ ਕਿਲੋਮੀਟਰ ਉੱਤਰ-ਪੂਰਬ ਵੱਲ) ਹੋਣ ਕਾਰਨ ਇਨ੍ਹਾਂ ਨੂੰ ਮਜੀਠੀਏ ਕਿਹਾ ਜਾਂਦਾ ਸੀ। ਤਿੱਕੜੀ ਦੇ ਬਾਕੀ ਦੋ ਸਰਦਾਰ ਸਨ ਗੁੱਜਰ ਸਿੰਘ ਭੰਗੀ ਅਤੇ ਸੁੱਬਾ ਸਿੰਘ। ਇਨ੍ਹਾਂ ਤਿੰਨਾਂ ਨੇ ਮਿਲ ਕੇ ਇਹ ਇਲਾਕਾ ਅਹਿਮਦ ਸ਼ਾਹ ਅਬਦਾਲੀ (ਰਾਜ 1747-1772) ਅਤੇ ਉਸ ਦੇ ਜਾਂਨਸ਼ੀਨ ਤੈਮੂਰ ਸ਼ਾਹ (ਰਾਜ 1772-1793) ਤੋਂ ਸਲਾਨਾ ਟੈਕਸ ਭਰਨ ਦੇ ਇਵਜ਼ ਵਿਚ ਪ੍ਰਾਪਤ ਕੀਤਾ ਸੀ। ਲਾਹੌਰ ਸ਼ਹਿਰ ਅਤੇ ਇਸ ਦਾ ਕਿਲ੍ਹਾ ਮਜੀਠੀਏ ਸਰਦਾਰ ਦੇ ਕਬਜ਼ੇ ਵਿਚ ਸੀ। 1799 ਵਿਚ ਲਾਹੌਰ ਤੇ ਰਣਜੀਤ ਸਿੰਘ ਦਾ ਕਬਜ਼ਾ ਹੋ ਗਿਆ ਤਾਂ ਲਹਿਣਾ ਸਿੰਘ ਉਸ ਦਾ ਭਰੋਸੋਯੋਗ ਸਲਾਹਕਾਰ ਬਣ ਗਿਆ। ਲਾਹੌਰ ਦਰਬਾਰ ਵਿਚ ਵਿਗਿਆਨਕ ਸੋਚ ਰੱਖਣ ਵਾਲਾ ਉਹ ਇੱਕੋ-ਇੱਕ ਸਰਦਾਰ ਸੀ।

ਸਰਦਾਰ ਲਹਿਣਾ ਸਿੰਘ ਦਾ ਜੇਠਾ ਪੁੱਤਰ ਰਣਜੋਧ ਸਿੰਘ ਸੀ ਜਿਸ ਨੇ ਬ੍ਰਿਟਿਸ਼ ਅਤੇ ਫਰਾਂਸੀਸੀ ਫ਼ੌਜੀ ਜਰਨੈਲਾਂ ਤੋਂ ਬਕਾਇਦਾ ਮਿਲਟਰੀ ਸਿੱਖਿਆ ਲਈ ਸੀ। ਉਸ ਨੇ ਆਲੀਵਾਲ ਅਤੇ ਬੱਦੋਵਾਲ ਦੀਆਂ ਲੜਾਈਆਂ ਵਿਚ ਹਿੱਸਾ ਲਿਆ, ਪਰ ਮੁੜਦੇ ਸਮੇਂ ਇੱਕ ਮੁਠਭੇੜ ਵਿਚ ਮਾਰਿਆ ਗਿਆ। ਲਹਿਣਾ ਸਿੰਘ ਦਾ ਦੂਜਾ ਬੇਟਾ ਸੀ ਦਿਆਲ ਸਿੰਘ ਜੋ ਪਿਤਾ ਦੇ ਦੇਹਾਂਤ ਸਮੇਂ ਸਿਰਫ਼ ਛੇ ਸਾਲ ਦਾ ਸੀ। ਅੰਮ੍ਰਿਤਸਰ ਦੇ ਮਿਸ਼ਨ ਸਕੂਲ ਵਿਚ ਪੜ੍ਹਾਈ ਕਰਨ ਮਗਰੋਂ ਵੱਡਾ ਹੋ ਕੇ ਦਿਆਲ ਸਿੰਘ ਨੇ ਰੀਅਲ ਅਸਟੇਟ ਅਤੇ ਹੀਰਿਆਂ ਦੇ ਵਪਾਰ ਵਿਚ ਚੋਖਾ ਪੈਸਾ ਕਮਾਇਆ। 23 ਮਈ 1894 ਨੂੰ ਜਦ ਪੂਰੀ ਤਰ੍ਹਾਂ ਭਾਰਤੀ ਸਰਮਾਏ ਨਾਲ ਸਥਾਪਤ ਕੀਤੇ ਮੁਲਕ ਦਾ ਪਹਿਲਾ ਬੈਂਕ ਪੰਜਾਬ ਨੈਸ਼ਨਲ ਬੈਂਕ ਖੋਲਿਆ ਗਿਆ ਤਾਂ ਦਿਆਲ ਸਿੰਘ ਨੂੰ ਇਸ ਦੇ ਡਾਇਰੈਕਟਰ ਬੋਰਡ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ।

ਦਿਆਲ ਸਿੰਘ ਦੀ ਪਹਿਲੀ ਚਿਰਸਥਾਈ ਦੇਣ ਸੀ ਉਸ ਵੱਲੋਂ 2 ਫਰਵਰੀ 1881 ਨੂੰ ਲਾਹੌਰ ਤੋਂ ਅੰਗਰੇਜੀ ਅਖ਼ਬਾਰ **ਦਿ ਟ੍ਰਿਬਿਊਨ** ਸ਼ਾਇਆ ਕਰਨਾ। ਸ਼ੁਰੂ ਵਿਚ ਇਹ ਅਖ਼ਬਾਰ ਹਫਤਾਵਾਰੀ ਸੀ, ਫਿਰ 16 ਅਕਤੂਬਰ 1884 ਨੂੰ ਇਸ ਦਾ ਪ੍ਰਕਾਸ਼ਨ ਹਫ਼ਤੇ ਵਿਚ ਦੋ ਵਾਰ, 11 ਜਨਵਰੀ 1898 ਨੂੰ ਹਫ਼ਤੇ ਵਿਚ ਤਿੰਨ ਵਾਰ (ਮੰਗਲਵਾਰ, ਵੀਰਵਾਰ, ਸ਼ਨਿੱਚਰਵਾਰ) ਅਤੇ 1 ਦਸੰਬਰ 1906 ਤੋਂ ਇਹ ਰੋਜ਼ਾਨਾ ਹੋ ਗਿਆ। 9 ਸਤੰਬਰ 1898 ਨੂੰ ਸਰਦਾਰ ਦਿਆਲ ਸਿੰਘ ਮਜੀਠੀਆ ਦਾ ਦੇਹਾਂਤ ਹੋ ਗਿਆ। ਉਸ ਦੀ ਆਪਣੀ ਕੋਈ ਔਲਾਦ ਨਾ ਹੋਣ ਕਾਰਨ ਉਸ ਦੇ ਇੱਕ ਸਕੇ ਸਬੰਧੀ ਰਾਜਿੰਦਰ ਸਿੰਘ ਨੂੰ ਵਾਰਿਸ ਨਿਯੁਕਤ ਕੀਤਾ ਗਿਆ।



ਸਰਦਾਰ ਦਿਆਲ ਸਿੰਘ ਮਜੀਠੀਆ ਦੇ ਨਾਂ ’ਤੇ ਲਾਹੌਰ ਵਿਚ ਮੌਜੂਦ ਕਾਲਜ।

ਦਿਆਲ ਸਿੰਘ ਦੀ ਦੂਜੀ ਵੱਡੀ ਇੱਛਾ ਸੀ ਲਾਹੌਰ ਵਿਖੇ ਕਾਲਜ ਅਤੇ ਲਾਇਬ੍ਰੇਰੀ ਖੋਲਣਾ। ਇਹ ਕੰਮ ਉਹ ਜਿਉਂਦੇ ਜੀਅ ਤਾਂ ਨਾ ਕਰ ਸਕਿਆ, ਪਰ ਇਨ੍ਹਾਂ ਕੰਮਾਂ ਲਈ ਉਸ ਨੇ ਆਪ ਦੋ ਹੋਰ ਟਰੱਸਟ ਸਥਾਪਤ ਕਰ ਦਿੱਤੇ ਸਨ। ਕਾਲਜ ਦੇ ਟਰੱਸਟ ਲਈ ਉਸ ਨੇ ਆਪਣੇ 25 ਮਕਾਨ ਲਾਹੌਰ ਵਿਖੇ, ਇਕ ਮਕਾਨ ਕਰਾਚੀ ਵਿਖੇ, 5129 ਵਿਘੇ ਜ਼ਮੀਨ ਅਤੇ ਇੱਕ ਲੱਖ ਰੁਪਏ ਤੋਂ ਵੱਧ ਦੇ ਸ਼ੇਅਰ ਦਿੱਤੇ ਸਨ। ਟਰੱਸਟ ਵੱਲੋਂ ਦਿਆਲ ਸਿੰਘ ਕਾਲਜ ਦੀ ਸਥਾਪਨਾ 3 ਮਈ 1910 ਨੂੰ ਕੀਤੀ ਗਈ, ਪਰ ਦਿਆਲ ਸਿੰਘ ਟਰੱਸਟ ਲਾਇਬ੍ਰੇਰੀ ਦੀ ਸਥਾਪਨਾ 1923 ਵਿਚ ਹੀ ਹੋ ਸਕੀ।

ਲਾਹੌਰ ਵਿਖੇ ਇਸ ਕਾਲਜ ਅਤੇ ਲਾਇਬ੍ਰੇਰੀ ਦੀਆਂ ਸੰਸਥਾਵਾਂ ਹੁਣ ਵੀ ਬਾਦਸਤੂਰ ਆਪਣੇ ਅਸਲ ਨਾਵਾਂ ਨਾਲ ਚੱਲ ਰਹੀਆਂ ਹਨ।

ਉਰਦੂ ਦੇ ਪ੍ਰਸਿੱਧ ਅਫ਼ਸਾਨਾਨਿਗਾਰ ਸਆਦਤ ਹਸਨ ਮੰਟੋ (1912-55) ਦੀ ਇੱਕ ਛੋਟੀ ਜਿਹੀ ਪਰ ਅਰਥਪੂਰਨ ਕਹਾਣੀ ਹੈ-ਜੁੱਤਾ :

ਹਜੂਮ ਨ ਪਾਸਾ ਮੋੜਿਆ, ਅਤੇ ਸਰ ਗੰਗਾ ਰਾਮ ਦੇ ਬੁੱਤ ਉੱਤੇ ਟੁੱਟ ਪਿਆ। ਲਾਠੀਆਂ ਵਰਸਾਈਆਂ ਗਈਆਂ, ਇੱਟਾਂ ਅਤੇ ਪਥਰ ਸੁੱਟੇ ਗਏ। ਇੱਕ ਨੇ ਮੂੰਹ ਉੱਤੇ ਤਾਰਕੋਲ ਮਲ ਦਿੱਤਾ, ਦੂਜੇ ਨੇ ਬਹੁਤ ਸਾਰੇ ਪੁਰਾਣੇ ਜੁੱਤੇ ਜਮ੍ਹਾ ਕੀਤੇ ਅਤੇ ਉਨ੍ਹਾਂ ਦਾ ਹਾਰ ਬਣਾ ਕੇ ਬੁੱਤ ਦੇ ਗਲੇ ਵਿਚ ਪਾਉਣ ਲਈ ਅੱਗੇ ਵਧਿਆ ਕਿ ਪੁਲੀਸ ਆ ਗਈ ਅਤੇ ਗੋਲੀਆਂ ਚੱਲਣੀਆਂ ਸ਼ੁਰੂ ਹੋ ਗਈਆਂ। ਜੁੱਤੀਆਂ ਦਾ ਹਾਰ ਪਹਿਨਾਉਣ ਵਾਲਾ ਜ਼ਖ਼ਮੀ ਹੋ ਗਿਆ, ਸੋ ਮਲ੍ਹਮ ਪੱਟੀ ਦੇ ਲਈ ਉਸ ਨੂੰ ਸਰ ਗੰਗਾ ਰਾਮ ਹਸਪਤਾਲ ਵਿਚ ਭੇਜ ਦਿੱਤਾ ਗਿਆ।

ਦਰਅਸਲ ਇਹ ਕਹਾਣੀ ਕਾਲਪਨਿਕ ਨਹੀਂ ਸਗੋਂ 1947 ਦੀ ਵੰਡ ਸਮੇਂ ਲਾਹੌਰ ਵਿਖੇ ਵਾਪਰੀ ਇੱਕ ਸੱਚੀ ਘਟਨਾ ਹੈ। ਹਾਲਾਤ ਦੀ ਵਿਡੰਬਨਾ ਕਿ ਜਿਸ ਸ਼ਖ਼ਸ ਦੇ ਬੁੱਤ ਦੇ ਗਲ ਵਿਚ ਉਹ ਬੰਦਾ ਜੁੱਤੀਆਂ ਦਾ ਹਾਰ ਪਾਉਣ ਦਾ ਯਤਨ ਕਰ ਰਿਹਾ ਸੀ, ਪੁਲੀਸ ਦੀ ਗੋਲੀ ਲੱਗਣ ਮਗਰੋਂ ਉਸ ਨੂੰ ਉਸੇ ਸ਼ਖ਼ਸ ਰਾਹੀਂ ਸਥਾਪਿਤ ਕੀਤੇ ਗਏ ਹਸਪਤਾਲ ਵਿਚ ਇਲਾਜ ਲਈ ਲਿਜਾਇਆ ਗਿਆ। ਕੌਣ ਸੀ ਇਹ ਬੁੱਤ ਵਾਲਾ ਅਤੇ ਹਸਪਤਾਲ ਬਣਾਉਣ ਵਾਲਾ ਸਰ ਗੰਗਾ ਰਾਮ ?

ਗੰਗਾ ਰਾਮ ਪੇਸ਼ੇ ਵਜੋਂ ਸਿਵਿਲ ਇੰਜੀਨੀਅਰ ਸੀ, ਪਰ ਉਸ ਦੀ ਵਿਸ਼ੇਸ਼ਤਾ ਇਹ ਸੀ ਕਿ ਉਸ ਨੇ ਜੋ ਕੁਝ ਆਪਣੀ ਬੁੱਧੀ ਅਤੇ ਮਿਹਨਤ ਨਾਲ ਕਮਾਇਆ ਉਸ ਦਾ ਬਹੁਤਾ ਭਾਗ ਲੋਕ-ਭਲਾਈ ਤੇ ਖਰਚ ਕਰ ਦਿੱਤਾ। ਪਾਕਿਸਤਾਨੀ ਕਾਲਮਨਵੀਸ ਖ਼ਾਲਿਦ ਅਹਿਮਦ ਨੇ ਆਪਣੀ ਕਿਤਾਬ **ਬਿਹਾਈਂਡ ਦਿ ਆਈਡਿਓਲੋਜਿਕਲ ਮਾਸਕ** (*Behind the Ideological Mask*, 2001) ਵਿਚ ਉਸ ਨੂੰ ਆਧੁਨਿਕ ਲਾਹੌਰ ਦਾ ਪਿਤਾ ਕਰਾਰ ਦਿੱਤਾ ਹੈ।

ਗੰਗਾ ਰਾਮ ਦਾ ਜਨਮ 1851 ਦੀ ਵਿਸਾਖੀ ਦੇ ਦਿਨ ਨਨਕਾਣਾ ਸਾਹਿਬ ਜ਼ਿਲ੍ਹੇ ਦੇ ਪਿੰਡ ਮਾਂਗਟਾਂਵਾਲਾ ਵਿਖੇ ਹੋਇਆ। ਉਸ ਦਾ ਪਰਿਵਾਰਕ ਪਿਛੋਕੜ ਬਿਲਕੁਲ ਸਾਧਾਰਨ ਸੀ। ਪਿਤਾ ਦੌਲਤ ਰਾਮ ਇਸੇ ਪਿੰਡ ਦੇ ਪੁਲੀਸ ਸਟੇਸ਼ਨ ਵਿੱਚ ਜੂਨੀਅਰ ਸਬ-ਇੰਸਪੈਕਟਰ ਸੀ। ਕੁਝ ਸਮੇਂ ਮਗਰੋਂ ਉਹ ਅੰਮ੍ਰਿਤਸਰ ਆ ਗਿਆ। ਗੰਗਾ ਰਾਮ ਦੀ ਮੁੱਢਲੀ ਪੜ੍ਹਾਈ ਇੱਥੇ ਹੀ ਹੋਈ ਅਤੇ ਇਸ ਤੋਂ ਬਾਅਦ 1869 ਵਿਚ ਉਸ ਨੇ ਲਾਹੌਰ ਵਿਚ ਦਾਖਲਾ ਲੈ ਲਿਆ। 1871 ਵਿਕ ਅਗਲੀ ਪੜ੍ਹਾਈ ਲਈ ਉਸ ਨੂੰ ਸਰਕਾਰੀ ਵਜ਼ੀਫ਼ਾ ਮਿਲ ਗਿਆ ਜਿਸ ਨਾਲ ਉਹ ਰੁੜਕੀ ਦੇ ਟਾਮਸਨ ਕਾਲਜ (ਵਰਤਮਾਨ ਆਈ.ਆਈ.ਟੀ.) ਵਿਚ ਸਿਵਿਲ ਇੰਜੀਨੀਅਰ ਦੀ ਪੜ੍ਹਾਈ ਲਈ ਚਲਿਆ ਗਿਆ ਜਿੱਥੇ ਉਸ ਨੇ 1873 ਵਿਚ ਸੋਨ ਤਗਮਾ ਪ੍ਰਾਪਤ ਕੀਤਾ।

ਪੜ੍ਹਾਈ ਪੂਰੀ ਕਰ ਉਹ ਦਿੱਲੀ ਵਿਖੇ ਨਿਯੁਕਤ ਹੋ ਗਿਆ। ਤਤਕਾਲੀ ਵਾਈਸਰਾਇ ਲਾਰਡ ਰਿਪਨ ਨੇ ਉਸ ਦੀ ਯੋਗਤਾ ਨੂੰ ਦੇਖਦਿਆਂ ਉਸ ਨੂੰ ਦੋ ਸਾਲ ਲਈ ਵਿਸ਼ੇਸ਼ ਤੌਰ ਤੇ ਵਾਟਰ ਵਰਕਸ ਅਤੇ ਡਰੇਨੇਜ਼ ਦੀ ਸਿੱਖਿਆ ਲੈਣ ਲਈ ਬਰੈਡਫੋਰਡ, ਇੰਗਲੈਂਡ ਭੇਜ ਦਿੱਤਾ। ਮੁੜਨ ਤੇ ਉਹ 12 ਸਾਲ ਲਾਹੌਰ ਵਿਖੇ ਸਿਵਿਲ ਇੰਜੀਨੀਅਰ ਰਿਹਾ ਜਿਸ ਦੌਰਾਨ ਉਸ ਨੇ ਲਾਹੌਰ ਦਾ ਡਾਕਖਾਨਾ, ਲਾਹੌਰ ਮਿਊਜ਼ੀਅਮ, ਐਚੀਸਨ ਕਾਲਜ, ਲਾਹੌਰ ਹਾਈ ਕੋਰਟ, ਮੇਓ ਸਕੂਲ ਔਫ਼ ਆਰਟਸ (ਵਰਤਮਾਨ ਨੈਸ਼ਨਲ ਕਾਲਜ ਔਫ਼ ਆਰਟ), ਹੈਲੇ ਕਾਮਰਸ ਕਾਲਜ ਵਰਗੀਆਂ ਇਮਾਰਤਾਂ ਦੀ ਉਸਾਰੀ ਕਰਵਾਈ। ਇੰਗਲੈਂਡ ਦੇ ਬਾਦਸ਼ਾਹ ਐਡਵਰਡ ਸੱਤਵੇਂ ਦੀ ਤਾਜਪੋਸ਼ੀ ਮੌਕੇ 1903 ਵਿਚ ਲਾਰਡ ਕਰਜ਼ਨ ਵੱਲੋਂ ਆਯੋਜਿਤ ਦਿੱਲੀ ਦਰਬਾਰ ਵਿਚ ਸਾਰਾ ਪ੍ਰਬੰਧ ਉਸੇ ਦੀ ਯੋਜਨਾ ਅਨੁਸਾਰ ਅਤੇ ਨਿਗਰਾਨੀ ਵਿਚ ਕੀਤਾ ਗਿਆ ਸੀ। ਬਿਹਤਰੀਨ ਕੰਮ ਕਰਨ ਦੇ ਇਵਜ਼ ਵਿਚ ਉਸ ਨੂੰ ‘ਰਾਏ ਬਹਾਦਰ’ ਦਾ ਖ਼ਿਤਾਬ ਵੀ ਮਿਲਿਆ। ਇਸ ਮਗਰੋਂ ਉਸ ਨੇ 52 ਸਾਲ ਦੀ ਉਮਰ ਵਿਚ ਹੀ ਸਰਕਾਰੀ ਨੌਕਰੀ ਤੋਂ ਸੇਵਾਮੁਕਤੀ ਲੈ ਲਈ।

ਗੰਗਾ ਰਾਮ ਨੇ ਮਿੰਟਗੁਮਰੀ ਜ਼ਿਲ੍ਹੇ ਵਿਚ ਬ੍ਰਿਟਿਸ਼ ਸਰਕਾਰ ਤੋਂ 20 ਮੁਰੱਬੇ (500 ਏਕੜ) ਬੰਜਰ ਜ਼ਮੀਨ ਖੇਤੀ ਲਈ ਪਟੇ

ਤੇ ਲੈ ਲਈ। ਇਸ ਜ਼ਮੀਨ ਨੂੰ ਕਿਸੇ ਪਾਸਿਓ ਪਾਣੀ ਨਹੀਂ ਸੀ ਲੱਗਦਾ। ਗੰਗਾ ਰਾਮ ਨੇ ਆਪਣੇ ਇੰਜੀਨੀਅਰੀ ਗਿਆਨ ਦੀ ਵਰਤੋਂ ਕਰਕੇ ਪਹਿਲਾਂ ਇਸ ਜ਼ਮੀਨ ਨੂੰ ਚਨ੍ਹਾਬ ਦਰਿਆ ਵਿਚੋਂ ਨਿਕਲਦੀ ਗੋਗੇਰਾ ਬ੍ਰਾਂਚ ਨਾਲ ਜੋੜਿਆ ਅਤੇ ਅੱਗੇ ਲਿਫਟ ਨਾਲ ਪਾਣੀ ਚੁੱਕ ਕੇ ਇਸ ਜ਼ਮੀਨ ਨੂੰ ਸਿੰਜਾਈਯੋਗ ਬਣਾਇਆ। ਤਿੰਨ ਸਾਲਾਂ ਵਿਚ ਹੀ ਉਸ ਬੰਜਰ ਜ਼ਮੀਨ ਵਿਚ ਹਰੇ-ਭਰੇ ਖੇਤ ਲਹਿਲਹਾਉਣ ਲੱਗੇ। ਇੱਥੇ ਹੀ ਉਸ ਨੇ ਗੰਗਾਪੁਰ ਨਾਂ ਦਾ ਪਿੰਡ ਵਸਾਇਆ। ਇਸ ਪਿੰਡ ਨੂੰ ਲਾਹੌਰ-ਜੜ੍ਹਾਂਵਾਲਾ ਰੇਲਵੇ ਲਾਈਨ ਤੇ ਸਥਿਤ ਸਟੇਸ਼ਨ ਬੁੱਚੀਆਣਾ ਨਾਲ ਘੋੜਾ ਰੇਲ ਨਾਲ ਜੋੜਿਆ (ਇਹ ਸਵਾਰੀ ਚਲਦੀ ਲੋਹੇ ਦੀ ਰੇਲ ਤੇ ਹੈ ਪਰ ਇਸ ਨੂੰ ਖਿੱਚਦਾ ਘੋੜਾ ਹੈ)।

ਆਪਣੀ ਕਮਾਈ ਦਾ ਬਹੁਤਾ ਹਿੱਸਾ ਉਸ ਨੇ ਸਮਾਜ ਭਲਾਈ ਦੇ ਕੰਮਾਂ ਤੇ ਹੀ ਖਰਚ ਕਰ ਦਿੱਤਾ। ਉਸ ਦੇ ਕੀਤੇ ਕੰਮਾਂ ਵਿਚੋਂ ਪ੍ਰਮੁੱਖ ਹੈ ਲਾਹੌਰ ਵਿਖੇ ਗੰਗਾਰਾਮ ਹਸਪਤਾਲ ਦੀ ਸਥਾਪਨਾ।




ਸਰ ਗੰਗਾ ਰਾਮ ਹਸਪਤਾਲ, ਲਾਹੌਰ।

1922 ਵਿਚ ਜਾਰਜ ਪੰਜਮ ਨੇ ਉਸ ਨੂੰ ਇੰਗਲੈਂਡ ਸੱਦ ਕੇ ਬਕਿੰਘਮ ਪੈਲੇਸ ਵਿਚ ਵਿਸ਼ੇਸ਼ ਸਨਮਾਨ ਦਿੱਤਾ। 10 ਜੁਲਾਈ 1927 ਨੂੰ 76 ਸਾਲ ਦੀ ਉਮਰ ਵਿਚ ਲੰਡਨ ਵਿਖੇ ਉਸ ਦਾ ਦੇਹਾਂਤ ਹੋ ਗਿਆ।

ਤੀਸਰਾ ਲਾਹੌਰੀਆ ਸੀ ਆਰਕੀਟੈਕਟ ਭਾਈ ਰਾਮ ਸਿੰਘ ਜਿਸ ਦਾ ਜਨਮ, ਉਨ੍ਹਾਂ ਦੇ ਪਰਿਵਾਰ ਦੇ ਦੱਸਣ ਮੁਤਾਬਿਕ ਪਹਿਲੀ ਅਗਸਤ 1858 ਨੂੰ ਬਟਾਲੇ ਲਾਗੇ ਪਿੰਡ ਰਸੂਲਪੁਰ ਵਿਚ ਇੱਕ ਸਾਧਾਰਨ ਮਿਸਤਰੀ ਆਸਾ ਸਿੰਘ ਦੇ ਘਰ ਹੋਇਆ।

ਉਸ ਸਮੇਂ ਪੰਜਾਬ ਦਾ ਇਹ ਭਾਗ ਸਿੱਧਾ ਬ੍ਰਿਟਿਸ਼ ਹਕੂਮਤ ਅਧੀਨ ਆ ਚੁੱਕਾ ਸੀ। ਨਵੇਂ ਹਾਕਮਾਂ ਨੇ ਪੰਜਾਬ ਵਿਚ ਪੱਛਮੀ ਤਰਜ਼ ਤੇ ਸਿੱਖਿਆ ਸੰਸਥਾਵਾਂ ਕਾਇਮ ਕੀਤੀਆਂ। ਜਨਵਰੀ 1874 ਵਿਚ ਲਾਹੌਰ ਵਿਖੇ ਕਾਰਪੇਂਟਰੀ ਸਕੂਲ ਖੋਲ੍ਹ ਦਿੱਤਾ ਤਾਂ 16 ਸਾਲ ਦੇ ਰਾਮ ਸਿੰਘ ਨੇ ਇਸ ਵਿਚ ਦਾਖਲਾ ਲੈ ਲਿਆ। ਅਗਲੇ ਹੀ ਸਾਲ ਲਾਹੌਰ ਵਿਚ ਹੀ ਮੇਓ ਸਕੂਲ ਔਫ ਇੰਡਸਟ੍ਰੀਅਲ ਆਰਟਸ ਸ਼ੁਰੂ ਕੀਤਾ ਗਿਆ ਤਾਂ ਕਾਰਪੇਂਟਰੀ ਸਕੂਲ ਨੂੰ ਇਸੇ ਦਾ ਹਿੱਸਾ ਬਣਾ ਦਿੱਤਾ ਗਿਆ। ਪਿੰਡ ਦੇ ਛੋਟੇ ਜਿਹੇ ਸੀਮਿਤ ਦਾਇਰੇ ਤੋਂ ਇਸ ਕੇਂਦਰੀ ਸੰਸਥਾ ਵਿਚ ਆਉਣਾ ਰਾਮ ਸਿੰਘ ਲਈ ਵਰਦਾਨ ਸਿੱਧ ਹੋਇਆ। ਕਾਲਜ ਦਾ ਪ੍ਰਿੰਸੀਪਲ ਪਾਰਖੂ ਅੱਖ ਰੱਖਣ ਵਾਲਾ ਸਰ ਲਾੱਕਵੁੱਡ ਕਿਪਲਿੰਗ ਸੀ (ਜਿਸ ਦਾ ਬੇਟਾ ਰੁਡਯਾਰਡ ਕਿਪਲਿੰਗ ਬਾਅਦ ਵਿਚ ਕੌਮਾਂਤਰੀ ਪੱਧਰ ਦਾ ਸਾਹਿਤਕਾਰ ਬਣਿਆ)। ਛੇਤੀ ਹੀ ਉਸ ਨੇ ਰਾਮ ਸਿੰਘ ਦੀ ਪ੍ਰਤਿਭਾ ਪਛਾਣ ਲਈ ਅਤੇ ਉਸ ਨੂੰ ਹਰ ਤਰ੍ਹਾਂ ਨਾਲ ਉਤਸ਼ਾਹਿਤ ਕੀਤਾ। ਇੱਥੇ ਅੱਠ ਸਾਲ ਪੜ੍ਹ ਕੇ 1 ਅਪ੍ਰੈਲ 1883 ਨੂੰ ਰਾਮ ਸਿੰਘ ਇੱਥੇ ਹੀ ਅਸਿਸਟੈਂਟ ਡਰਾਇੰਗ ਮਾਸਟਰ ਲੱਗ ਗਿਆ। ਆਪਣੀ ਲਗਨ ਅਤੇ ਯੋਗਤਾ ਨਾਲ ਉਹ 1910 ਵਿਚ ਸੰਸਥਾ ਦੇ ਪ੍ਰਿੰਸੀਪਲ ਦੇ ਅਹੁਦੇ ਤੀਕ ਅੱਪੜ ਗਿਆ। ਅਕਤੂਬਰ 1913 ਵਿਚ ਉਹ ਸੇਵਾਮੁਕਤ ਹੋ ਗਿਆ।

ਬਤੌਰ ਆਰਕੀਟੈਕਟ ਭਾਈ ਰਾਮ ਸਿੰਘ ਨੇ ਮੇਓ ਸਕੂਲ ਔਫ ਆਰਟਸ, ਲਾਹੌਰ ਮਿਊਜ਼ੀਅਮ, ਐਚੀਸਨ ਕਾਲਜ, ਚੰਬਾ ਹਾਊਸ ਅਤੇ ਪੰਜਾਬ ਯੂਨੀਵਰਸਿਟੀ ਦੀਆਂ ਕਈ ਇਮਾਰਤਾਂ ਡਿਜ਼ਾਇਨ ਕੀਤੀਆਂ। ਇਨ੍ਹਾਂ ਤੋਂ ਇਲਾਵਾ ਅੰਮ੍ਰਿਤਸਰ ਦੇ ਖਾਲਸਾ ਕਾਲਜ, ਪਿਸ਼ਾਵਰ ਦੇ ਇਸਲਾਮੀਆ ਕਾਲਜ ਦੀਆਂ ਇਮਾਰਤਾਂ, ਸ਼ਿਮਲੇ ਵਿਚ ਗਵਰਨਰ ਹਾਊਸ ਅਤੇ ਲਾਇਲਪੁਰ ਵਿਚ ਖੇਤੀਬਾੜੀ ਕਾਲਜ ਵੀ ਉਸੇ ਦੀਆਂ ਕ੍ਰਿਤਾਂ ਹਨ। ਮਾਲਵੇ ਦੀਆਂ ਕਪੂਰਥਲਾ, ਨਾਭਾ, ਪਟਿਆਲਾ ਆਦਿ ਸਟੇਟਾਂ ਦੇ ਰਾਜਿਆਂ ਨੇ ਵੀ ਆਪਣੇ ਰਾਜਾਂ ਨੂੰ ਖੂਬਸੂਰਤ ਇਮਾਰਤਾਂ ਨਾਲ ਸਜਾਉਣ ਲਈ ਰਾਮ ਸਿੰਘ ਦੀ ਯੋਗਤਾ ਦਾ ਪੂਰਾ ਲਾਭ ਲਿਆ।

ਛੇਤੀ ਹੀ ਰਾਮ ਸਿੰਘ ਦੀ ਪ੍ਰਸਿੱਧੀ ਇੰਗਲੈਂਡ ਤੀਕ ਪਹੁੰਚ ਗਈ ਤਾਂ ਮਹਾਰਾਣੀ ਨੇ ਉਸ ਨੂੰ ਅਨੇਕਾਂ ਸ਼ਾਹੀ ਇਮਾਰਤਾਂ ਦੀ ਸਜਾਵਟ ਕਰਨ ਲਈ ਇੰਗਲੈਂਡ ਆਉਣ ਦਾ ਸੱਦਾ ਦਿੱਤਾ। ਉੱਥੇ ਰਾਮ ਸਿੰਘ ਨੇ ਦਰਬਾਰ ਹਾਲ , ਓਸਬਾਰਨ ਹਾਊਸ, ਇੰਗਲੈਂਡ ਦੇ ਦੱਖਣੀ ਸਿਰੇ ਨੇੜਲੇ ਛੋਟੇ ਜਿਹੇ ਟਾਪੂ ਆਈਲ ਔਫ ਵਾਈਟ (Isle of Wight) ਵਿਖੇ ਇਮਾਰਤਾਂ ਵਿਚ ਆਪਣਾ ਕਲਾ-ਕੌਸ਼ਲ ਵਿਖਾਇਆ। ਜਦ ਉਹ ਓਸਬਾਰਨ ਵਿਖੇ ਕੰਮ ਕਰ ਰਿਹਾ ਸੀ ਤਾਂ ਮਹਾਰਾਣੀ ਨੇ ਆਪ ਉਸ ਦੀਆਂ ਬਣਾਈਆਂ ਡਰਾਇੰਗਾਂ ਵੇਖੀਆਂ। ਮਲਿਕਾ ਨੇ ਆਪਣੀ ਡਾਇਰੀ ਵਿਚ ਭਾਈ ਰਾਮ ਸਿੰਘ ਦਾ ਜ਼ਿਕਰ "ਬਹੁਤ ਬੁਧੀਮਾਨ, ਸੁਹਾਵਣਾ, ਚੰਗਾ ਸਿੱਖ ਮਨੁੱਖ" ਵਰਗੇ ਸ਼ਬਦਾਂ ਨਾਲ ਕੀਤਾ।

ਸੇਵਾਮੁਕਤੀ ਤੋਂ ਬਾਅਦ ਰਾਮ ਸਿੰਘ ਅੰਮ੍ਰਿਤਸਰ ਵਿਖੇ ਆ ਟਿਕਿਆ, ਪਰ ਛੇਤੀ ਹੀ 1916 ਵਿਚ ਉਸ ਦਾ ਦੇਹਾਂਤ ਹੋ ਗਿਆ। ਸਰ ਗੰਗਾ ਰਾਮ ਅਤੇ ਭਾਈ ਰਾਮ ਸਿੰਘ ਦਾ ਕਾਰਜ ਖੇਤਰ ਸਾਂਝਾ ਹੋਣ ਕਰਕੇ ਉਹ ਤਾਂ ਅਕਸਰ ਇੱਕਠੇ ਹੁੰਦੇ ਹੋਣਗੇ। ਦਰਅਸਲ ਉਸ ਸਮੇਂ ਦੀਆਂ ਕਈ ਇਮਾਰਤਾਂ ਬਾਰੇ ਤਾਂ ਇਹ ਵੀ ਸਪਸ਼ਟ ਨਹੀਂ ਹੈ ਕਿ ਇਨ੍ਹਾਂ ਵਿਚ ਦੋਵਾਂ ਦਾ ਕੀ ਕੀ ਰੋਲ ਹੋਵੇਗਾ। ਪਰ ਆਮ ਇਹੋ ਮੰਨਿਆ ਜਾਂਦਾ ਹੈ ਕਿ ਭਾਈ ਰਾਮ ਸਿੰਘ ਆਰਕੀਟੈਕਟ ਸੀ ਅਤੇ ਸਰ ਗੰਗਾ ਰਾਮ ਉਸ ਦੀਆਂ ਕਾਗਜ਼ ਤੇ ਵਾਹੀਆਂ ਲਕੀਰਾਂ ਨੂੰ ਅਸਲੀਅਤ ਵਿਚ ਬਦਲਣ ਵਾਲਾ ਇੰਜੀਨੀਅਰ।



ਖਾਲਸਾ ਕਾਲਜ, ਅੰਮ੍ਰਿਤਸਰ।

1947 ਦੀ ਵੰਡ ਨੇ ਪੰਜਾਬ ਦੇ ਜਨਜੀਵਨ ਵਿਚ ਵੱਡੀ ਉਥਲ ਪੁਥਲ ਕਰ ਦਿੱਤੀ। ਅਖ਼ਬਾਰ **ਦਿ ਟ੍ਰਿਬਿਊਨ** ਅਤੇ ਦਿਆਲ ਸਿੰਘ ਦੇ ਸਾਰੇ ਟਰੱਸਟ ਭਾਰਤ ਵਿਚ ਆ ਗਏ। ਅਖ਼ਬਾਰ ਪਹਿਲਾਂ ਅੰਬਾਲੇ ਅਤੇ ਫੇਰ ਚੰਡੀਗੜ੍ਹ ਸ਼ਿਫਟ ਹੋ ਗਿਆ। ਇਸੇ ਅਦਾਰੇ ਵੱਲੋਂ ਬਾਅਦ ਵਿਚ 15 ਅਗਸਤ 1978 ਦੇ ਦਿਨ ਪੰਜਾਬੀ ਵਿਚ ਪੰਜਾਬੀ ਟ੍ਰਿਬਿਊਨ ਅਤੇ ਹਿੰਦੀ ਵਿਚ **ਦੈਨਿਕ ਟ੍ਰਿਬਿਊਨ** ਅਖ਼ਬਾਰ ਕੱਢਣੇ ਸ਼ੁਰੂ ਕੀਤੇ ਗਏ।

ਕਾਲਜ ਟਰੱਸਟ ਨੇ ਭਾਰਤ ਵਿਚ ਆ ਕੇ 1949 ਵਿਚ ਇੱਕ ਦਿਆਲ ਸਿੰਘ ਕਾਲਜ ਕਰਨਾਲ ਵਿਖੇ ਅਤੇ ਇੱਕ ਦਹਾਕੇ ਬਾਅਦ ਇਸੇ ਨਾਂ ਦਾ ਕਾਲਜ ਲੋਧੀ ਰੋਡ ਦਿੱਲੀ ਵਿਖੇ ਬਣਾਇਆ। ਇਸ ਟਰੱਸਟ ਵੱਲੋਂ ਹੀ ਦਿੱਲੀ ਵਿਖੇ ਇਕ ਹੋਰ ਦਿਆਲ ਸਿੰਘ ਪਬਲਿਕ ਲਾਇਬ੍ਰੇਰੀ ਦੀ ਵੀ ਸਥਾਪਨਾ ਕੀਤੀ ਗਈ। ਇਹ ਸਾਰੀਆਂ ਸੰਸਥਾਵਾਂ ਹੁਣ ਵੀ ਪੂਰੀ ਨਿਸ਼ਠਾ ਨਾਲ ਸਫਲਤਾਪੂਰਵਕ ਕੰਮ ਕਰ ਰਹੀਆਂ ਹਨ।

ਵੰਡ ਮਗਰੋਂ ਸਰ ਗੰਗਾ ਰਾਮ ਦਾ ਪਰਿਵਾਰ ਵੀ ਭਾਰਤ ਆ ਗਿਆ ਅਤੇ ਇਸ ਨੇ ਆਪਣੇ ਬਜ਼ੁਰਗ ਦੀ ਦਾਨੀ ਪਰੰਪਰਾ ਨੂੰ ਕਾਇਮ ਰੱਖਦਿਆਂ 1951 ਵਿਚ ਦਿੱਲੀ ਵਿਖੇ 'ਸਰ ਗੰਗਾ ਰਾਮ ਹਸਪਤਾਲ' ਦੀ ਉਸਾਰੀ ਕਰਵਾਈ। ਦਿੱਲੀ ਦੇ ਹਸਪਤਾਲਾਂ ਵਿਚ ਕਾਨੂੰਨਨ 10 ਫ਼ੀਸਦੀ ਚੈਰੀਟੇਬਲ ਬੈੱਡ ਰੱਖਣੇ ਜ਼ਰੂਰੀ ਹਨ, ਪਰ ਇਸ ਹਸਪਤਾਲ ਦੇ ਪ੍ਰਬੰਧਕਾਂ ਨੇ 20% ਚੈਰੀਟੇਬਲ ਬੈੱਡ ਰੱਖੇ ਹੋਏ ਹਨ। ਗੰਗਾ ਰਾਮ ਦੇ ਪੋਤੇ-ਪੜਪੋਤੇ, ਪੋਤਰੀਆਂ-ਪੜਪੋਤਰੀਆਂ ਇਸ ਸਮੇਂ ਦੁਨੀਆਂ ਵਿਚ ਫੈਲੇ ਹੋਏ ਹਨ। ਇਕ ਪੜਪੋਤੀ ਕੇਸ਼ਾ ਰਾਮ, ਅਮਰੀਕਨ ਸਟੇਟ ਵਰਮਾਂਟ ਵਿਚ ਸੈਨੇਟਰ ਹੈ।

ਸਰ ਗੰਗਾ ਰਾਮ ਦੇ ਸਾਰੇ ਵੰਸ਼ਜ ਆਪਣੇ ਬਜ਼ੁਰਗ ਨੂੰ ਯਾਦ ਕਰਨ ਲਈ ਹਰ ਵਰ੍ਹੇ ਵਿਸਾਖੀ ਮੌਕੇ ਦਿੱਲੀ ਦੇ ਹਸਪਤਾਲ ਵਿਚ ਇੱਕਠੇ ਹੁੰਦੇ ਹਨ। ਭਾਈ ਰਾਮ ਸਿੰਘ ਦੇ ਵੰਸ਼ਜ ਹੁਣ ਅੰਮ੍ਰਿਤਸਰ ਵਿਖੇ ਮੁਕੀਮ ਹਨ।

ਨੋਟ ਕਰਨ ਵਾਲੀ ਗੱਲ ਹੈ ਕਿ ਇਨ੍ਹਾਂ ਤਿੰਨ ਲਾਹੌਰੀਆਂ ਵਿਚੋਂ ਦੋ ਬਿਲਕੁਲ ਸਾਧਾਰਨ ਪਰਿਵਾਰਾਂ ਵਿਚੋਂ ਸਨ। ਉਨ੍ਹਾਂ ਦੀ ਸਾਰੀ ਪ੍ਰਾਪਤੀ ਉਨ੍ਹਾਂ ਦੀ ਆਪਣੀ ਯੋਗਤਾ ਅਤੇ ਬ੍ਰਿਟਿਸ਼ ਹਕੂਮਤ ਵੱਲੋਂ ਇਸ ਯੋਗਤਾ ਦੀ ਕਦਰ ਪਾਉਣ ਨਾਲ ਹੀ ਸੰਭਵ ਹੋਈ।

2006 ਵਿਚ ਲਾਹੌਰ ਦੇ ਨੈਸ਼ਨਲ ਆਰਟ ਕਾਲਜ ਨੇ ਭਾਈ ਰਾਮ ਸਿੰਘ ਦੇ ਕੰਮ ਬਾਰੇ ਪਾਕਿਸਤਾਨੀ ਵਿਦਵਾਨ ਲੇਖਕ ਜੋੜੀ ਪਰਵੇਜ਼ ਵੰਡਾਲ ਅਤੇ ਸਾਜਿਦਾ ਵੰਡਾਲ ਦੀ ਬਹੁਤ ਖੂਬਸੂਰਤ ਦਿੱਖ ਵਾਲੀ ਖੋਜ ਭਰਪੂਰ ਕਿਤਾਬ **ਦਿ ਰਾਜ, ਲਾਹੌਰ, ਐਂਡ ਭਾਈ ਰਾਮ ਸਿੰਘ** ਛਾਪੀ ਹੈ।

ਇੰਟਰਨੈਟ ਤੇ ਸੋਸ਼ਲ ਸਾਈਟਸ ਦੇ ਆਮ ਪ੍ਰਚਲਿਤ ਹੋ ਜਾਣ ਨਾਲ ਹੁਣ ਭਾਰਤ ਅਤੇ ਪਾਕਿਸਤਾਨ ਦੀ ਨਵੀਂ ਪੀੜ੍ਹੀ ਨੂੰ ਇੱਕ-ਦੂਜੇ ਨੂੰ ਬਿਹਤਰ ਜਾਣਨ ਦਾ ਮੌਕਾ ਮਿਲ ਰਿਹਾ ਹੈ। ਨੌਜਵਾਨ ਪੀੜ੍ਹੀ ਧਾਰਮਿਕ ਸੰਕੀਰਣਤਾ ਤੋਂ ਉੱਪਰ ਉਠ ਕੇ ਆਪਣੇ ਸਾਂਝੇ ਵਿਰਸੇ ਨੂੰ ਪਛਾਨਣ ਦਾ ਯਤਨ ਕਰ ਰਹੀ ਹੈ। ਲਾਹੌਰ ਦੇ ਕੁਝ ਨੌਜਵਾਨਾਂ ਨੇ 'ਸਰ ਗੰਗਾਰਾਮ ਫੈਨਜ਼ ਕਲੱਬ' ਬਣਾਈ ਹੈ। ਇਹ ਸਭ ਸ਼ੁਭ ਸੰਕੇਤ ਹਨ।

---

* ਧੰਨਵਾਦ ਸਹਿਤ : ਲੇਖਕ ਅਤੇ **ਪੰਜਾਬੀ ਟ੍ਰਿਬਿਊਨ**, 4 ਜੁਲਾਈ, 2021

❖ ❖ ❖ ❖

# Bhai Taru Singh

❖ **Prof. Puran Singh**

Time rolls on. Many villages have mouldered into dust. Many more have been raised. We do not know, if a neat little house with a pretty courtyard is still in good condition, somewhere near the so-called Polla village situated in this interior *Majha*. We do not know, whether there is any one in that part of the country to-day, claiming some remote relation with a poor Sikh farmer that once lived there in perfect peace, bliss and contentment.

But all the same, that house is set in our memory like a gem. It derives its ruby lustre from our illustrious Hero, Bhai Taru Singh.

Bhai Taru Singh a youngman of 25 summers, owned a small piece of land in this village. His form was moulded in the beauty of goodness and faith. Every glance of his was brimful of Love to all human beings. His flesh was magnetic over and over, He had a kind heart, and a strong will.

With him, under the same roof lived his aged mother and his younger sister. These two ladies laboured side by side with their dear one. He would raise corn. They would grind corn and do other sorts of miscellaneous labour to earn something in addition. All the fruits of their joint labours were dedicated to any who visited them. In those days the Sikhs were under the Imperial ban as we have said. They were being hunted out one by one and put to death.

Prices were fixed for every Sikh head and liberal prizes were given to any who caught a Sikh alive for the state torture and punishment. Still the guerrilla—warfare was going on and the Sikhs concealing themselves in dense forests, would catch any opportunity to surprise the enemy by their sudden attacks. They would ransack villages, loot the government treasuries and pay the government in its own coin. These lion-hearted Sikhs subsisted in jungles on herbs and roots only. Only at times they had hearty meals.

Bhai Taru Singh thought of nothing else but serving this brotherhood. He had dedicated his body, heart and mind to this untaught service. The entire energy of his exuberant youth was being spent in the Panthic service and long before, he had decided not to marry. A perfect dedication his, sustained and supported by the tenderer emotions of the loving and consecrated feminine hearts of his mother and sister,

Their voice of love soothed the troubled hearts of the visiting guests and their smiling dedication of life to love, was a source of fresh inspiration to many. Every grain that his piece of land produced was set apart for the oppressed community, while the family managed to live on what the mother and daughter could earn by their hands.

Hospitality is a great gift of man to man and is the recognition of the one common soul of Humanity. It is the highest perfection of manners dictated not by fashion but by love.

All that belonged to Taru Singh was spent in hospitality and he never knew, if he had in fact, anything of his own. He was so good and so true. Not only, his doors were ever open to the guests, but at times, he and his sister went deep into the lonely forests, to reach provisions to their brave but starving brethren.

The cheerful atmosphere of this neat Sikh Home, its inmates' cordial hospitality and their warm love attracted every body.

Bhai Taru Singh's mother was mother to all and his sister was sister divine of every one indeed. Gradually, Bhai Taru Singh's home developed into a regular rendezvous of the Khalsa.

Like the good Bishop of D (Digne) in the famous work of Victor Hugo the Les Miserables, these three good souls thought little of their own comforts. They lived on mere husks, a handful of oats and at times would go without meals, to save

the maximum amount for helping their brothers.

Thrice blessed is that divine Idea, that can lift the ordinary and the uncultured humanity to the highest levels of Enlightenment and Civilization which the greatest scholars try in vain to achieve.

In Bhai Taru Singh's home our readers can best study the wonderful influences of Sikhism.

On one side, in this world, we have the view of this Shining Nature of man all sincerity, all nobility, all perfume, all attraction and on the other side, we meet with the pitch dark, mean, malodorous, contemptible repulsive, little self of man working for small ends of greed and riches.

The species of spies and detectives is the most detestable part of a society, but there is no day without its night in this world. Har Bhagat Niranjani, a Hindu, was a government spy. He had sold himself to money, title, rank and government position and such puerile and paltry concerns. He was not a human being, but only a copper pice. This treacherous Mahant betrayed Bhai Taru Singh and reported the whole matter to the Lahore Governor. He charged the Saintly young man with the crimes of feeding the rebels, thieves, and Sikh villains, and of giving them protection under his roof etc., and recommended him to the Nawab for an exemplary punishment. Accordingly, the Military Sowars were sent to the village of Bhai Taru Singh who, without much ado, offered himself for arrest.

On his way to Lahore many Sikhs came in a body and threatened the Sowars to rescue him with force from their hand. But this fight was averted by Bhai Taru Singh himself.

He prevailed upon them to desist from such an act. The noble young Sikh thought in his own mind that the worse that might happen to him, would be death. By his death, only one family would suffer and a family that has enough to live by and to serve others and did not depend so much upon him. The sufferings of his mother and sister would be comparatively less than the general sufferings of many Sikh families, who would be left destitute, if his friends then gave a battle to those government minions.

That Bhai Taru Singh did not think too much of himself is clear. He preferred his own death to the death of any other Sikh for his sake. This is the real grandeur of his greatness which he himself was not conscious of. Indeed, only those are truly great, who know not that they are so.

The Sikh brothers yielded to the request of Bhai Taru Singh and parted in great sorrow. The party reached Lahore and Bhai Taru Singh was kept in the lock-up for the night. On the following day, he was produced in the Court. It seems, Bhai Taru Singh was prepared for anything. As usual he shouted his own motto and salutation of "Sri Wahguru Ji ka Khalsa, Sri Wahguru Ji ki Fateh!" which of course disturbed the Court like some winged serpent.

Bhai Taru Singh respectfully submitted that he was neither a high-way robber nor a thief but a poor farmer with a small piece of land to till and that he paid all the Government dues quite regularly, and then questioned the Nawab why he was harassed and prosecuted for nothing. In reply, the Nawab charged him with rebellion against the government and asked his explanation as to why he gave shelter and food to the Sikh rebels.

To this, Bhai Taru Singh made a very sensible reply. He said they were, in his opinion, no rebels. They were his brothers in faith. It was no crime, if he opened his doors to them and entertained them by giving the legitimate fruits of his own labour, which he had every right to dispose of as he wished.

The Nawab enraged at this frank and bold reply of the young, intrepid Sikh, sentenced him, in his own arbitrary, despotic way to the bloodiest punishment of *charakhri*. This *charakhri* was a mincing machine of a particular design, which wheeled on the body of the culprit and flayed his flesh layer by layer.

Just after a few moments of this pronouncement, the dreadful *charakhri* was wheeling over the beautiful and strong body of our innocent martyr. While his skin was being peeled and his flesh was being scraped and minced, his steady and well-controlled mind was directed to the Guru's faith, and the tongue was kept busy in reciting "Akal, Akal!" "the Deathless one, the Deathless one!"

Seeing this wonderful fortitude and mysterious endurance of our young Hero, the Nawab, as was his wont began to induce him to embrace Islam and

escape from the dreadful torture. The process was delayed and the beloved Taru Singh was locked up in the dungeon again for the night. Next morning, the Nawab began with great promises of securing him ease and comfort, honey and milk of purple prosperity in the world, if he would only deign to embrace Islam. He alternated his sweet words with threats, but all in vain. The great and straight Taru Singh treated this wretched condescension with the characteristic royal scorn and contempt of his creed and the Nawab felt all the poorer in his presence. Again, and again, the worthy hero was put on the *charakhri* and then brought before the Nawab for a similar dialogue. The Nawab came in person one day to witness the horrible scene of the wheeling *charakhri*, and in his heart of hearts could not help admiring the real greatness of the man. But tyranny knows no mercy and bigotry allows no compassion. This time, the Nawab thought of making the conversion forcibly. He said very indignantly "O young Sikh! If you don't yield through love and persuasion to embrace Islam, I will forcibly convert you by cutting off your hair even by beating with shoes." At this, the tempest was produced in the calm sea of Bhai Taru Singh's heart. Intense indignation at this extreme moment compelled all the powers of mind to attend and they were at the service of the martyr.

What use are the powers of mind and Nature, if they do not serve on such occasions and receive benediction on their heads from such great lovers of God?

Bhai Taru Singh replied "O! Haughty Nawab. It is not in any power to remove my hair as long as I am breathing. Perhaps it would be the shoes of some Sikhs that you shall have to take on your head O Fool!" The high pitch of indignation of the concentrated mind of Bhai Taru Singh must have broken the heart of the Nawab and quelled his pride, but for the sake of prestige he gave orders to cut his hair with scissors and shave him. Scissors and razors, and other instruments were all used in vain. No instrument was sharp enough to go against the will of our hero. It was impossible to remove the hair, but the skin of the skull was taken off altogether.

Jaded and tired of inflicting punishment on Bhai Taru Singh, the Nawab, after all, allowed some Hindus of Lahore to remove Taru Singh who by this time had fainted.

By a strange coincidence the Nawab fell ill on the very day. His kidneys would not work and be suffered from excruciating pains. Self-condemned, he felt that it was due to Bhai Taru Singh's curse that he was in such an agony, as no medicine would work at all. He called Bhai Subeg Singh the only Sikh who was employed by the government as Peace-maker on some urgent occasions, and entrusted him with the message. The Nawab profusely apologized in his errand to Bhai Taru Singh and implored his forgiveness and mercy.

Bhai Taru Singh on being approached remarked; "He has not offended me but the Guru himself. He has insulted the whole brotherhood. It is now the Panth that can forgive him. He will be relieved of his headache and colic if somebody strikes him on the crown of his head, with the shoes of a Sikh."

It is said, it did happen so. The Nawab expired in the same agony after a few days of the great martyr's death.

On his death bed Bhai Taru Singh was visited by many Sikhs. He greeted them with his smiles and blessed them all.

Though young in years, Bhai Taru Singh was revered by the whole brotherhood, for his great devotion to the Gurus, his great consecration to the service of the Panth and above all, he was almost worshipped for his saintly nature.

By his disappearance from the scenes of earth a great star of Sikhism had gone and mingled itself with the Great Unknown.

He whose body was reduced to a pool of blood and a few loosened and brokened bones swimming in it, shows by his non-attachment with the body, with a blissful expression of his face, a higher joy, a sweeter intoxication right here, which the fools of the world can not at all understand. How true it is "Death in Life" is the highest and the profoundest expression of Love Divine. Such was a Sikh Farmer.

Courtesy: *Anecdotes from Sikh History,*
Edited by Jaswinder Singh

ਖਾਲਸਾ ਸਮਾਚਾਰ
੧੦੦ ਸਾਲ ਪਹਿਲਾਂ
ਹਫ਼ਤਾਵਾਰ ਪੰਜਾਬੀ ਪਰਚਾ

21 ਜੁਲਾਈ, 1921

## ਖੁੱਲ੍ਹਾ ਨੋਟਸ

{ਉਦਾਸੀਨ ਮਹਾਂ ਮੰਡਲ ਦਾ ਮਹੰਤ ਕਿਰਪਾ ਰਾਮ ਨੂੰ ਨੋਟਸ ਅਤੇ ਮਹੰਤ ਕਿਰਪਾ ਰਾਮ ਦਾ ਉਤਰ।}

ਬਨਾਮ ਮਹੰਤ ਕਿਰਪਾ ਰਾਮ ਗੁਰਦ੍ਵਾਰਾ ਮਾਲ ਸਾਹਿਬ (ਨਨਕਾਣਾ ਸਾਹਿਬ)।

ਸ੍ਰੀ ਮਾਨ ਜੀ ! ਮਹੰਤਾ ਦੀ ਕਮੇਟੀ ਦੀ ਰਾਹੀਂ ਪਤਾ ਲੱਗਾ ਹੈ ਕਿ ਜਦ ਉਹ ਆਪ ਦੇ ਪਾਸ ਚੰਦਾ ਲੈਣ ਵਾਸਤੇ ਆਏ ਤਾਂ ਆਪ ਨੇ ਉਹਨਾਂ ਨੂੰ ਨਿਰਾ ਚੰਦੇ ਵਲੋਂ ਹੀ ਉਤਰ ਨਹੀਂ ਦਿੱਤਾ ਸਗੋਂ ਕਮੇਟੀ ਨਾਲ ਭੀ ਚੰਗੇ ਵਰਤਾਓ ਨਾਲ ਨਹੀਂ ਮਿਲੇ। ਦੂਜਾ ਸਾਨੂੰ ਇਹ ਭੀ ਪਤਾ ਮਿਲਿਆ ਹੈ ਕਿ ਆਪ ਨੇ ਸਮੇਤ ਪਰਵਾਰ ਦੇ ਕ੍ਰਿਪਾਨਾਂ ਪਾ ਲਈਆਂ ਹਨ ਅਤੇ ਇਕ ਪੂਰੇ ਅਕਾਲੀ ਬਣ ਗਏ ਹੋ ਜੋ ਕਿ ਆਪ ਨੂੰ ਕਿਸੇ ਤਰਾਂ ਵੀ ਨਹੀਂ ਫਬਦੀ। ਮਹੰਤ ਦੇਵਾ ਦਾਸ ਅਤੇ ਲਧਾ ਰਾਮ ਨੇ ਸਾਨੂੰ ਇਹ ਭੀ ਦਸਿਆ ਹੈ ਕਿ ਆਪ ਗੁਰਦਵਾਰਾ ਸਮੇਤ ਉਸਦੀ ਆਮਦਨ ਦੇ ਜਿਸ ਦੀ ਮਲਕੀਯਤ ਅਸਲ ਉਦਾਸੀਨ ਮਹਾਂ ਮੰਡਲ ਦੀ ਹੈ ਅਤੇ ਜਿਸਦੇ ਆਪ ਇਕ ਪ੍ਰਬੰਧ ਕਰਤਾ ਹੋ ਤੇ ਆਪ ਨੂੰ ਕੋਈ ਹਕ ਨਹੀਂ ਕਿ ਗੁਰਦਵਾਰਾ ਕਿਸੇ ਦੂਜੇ ਨੂੰ ਦੇ ਦਿਓ। ਅਕਾਲੀਆਂ ਨੂੰ ਦੇਣ ਲਈ ਮੰਨ ਗਏ ਹੋ, ਸੋ ਜੇਕਰ ਆਪ ਨੇ ਇਸਤਰਾਂ ਕੀਤਾ ਤਾਂ ਆਪ ਨੂੰ ਭੇਖ ਵਿਚੋਂ ਖਾਰਜ਼ ਕਰ ਦਿੱਤਾ ਜਾਵੇਗਾ ਤੇ ਭਾਰੀ ਜੁਰਮਾਨਾ ਯਾ ਡੰਡ ਲਾਇਆ ਜਾਵੇਗਾ। ਹਾਂ ਜੇਕਰ ਆਪ ਨੂੰ ਅਕਾਲੀਆਂ ਵਲੋਂ ਕਿਸੇ ਕਿਸਮ ਦਾ ਭੈ ਹੋਵੇ ਤਾਂ ਆਪ ਅਦਾਲਤ ਵਿਚ ਦਰਖਾਸਤ ਕਰ ਸਕਦੇ ਹੋ, ਜਾਂ ਸਾਨੂੰ ਆਪਣੀ ਮੱਦਦ ਵਾਸਤੇ ਲਿਖ ਸਕਦੇ ਹੋ, ਜਿਸਤੇ ਕਿ ਅਸੀਂ ਤੁਹਾਡੀ ਮੱਦਦ ਵਾਸਤੇ ਹਮੇਸ਼ਾਂ ਤਿਆਰ ਹਾਂ। ਇਹ ਕੁਝ ਹੁੰਦਿਆਂ ਭੀ ਜੇਕਰ ਆਪ ਨੇ ਆਪਣਾ ਭੇਖ ਵਟਾ ਲਿਆ ਅਤੇ ਗੁਰਦਵਾਰਾ ਯਾ ਕੋਈ ਜਾਇਦਾਦ ਕਿਸੇ ਨੂੰ ਦੇ ਦਿੱਤੀ ਤਾਂ ਮਹਾਂ ਮੰਡਲ ਇਸ ਲਿਖਤ ਦੀ ਰਾਹੀਂ ਆਪ ਨੂੰ ਖੁੱਲ੍ਹਾ ਨੋਟਸ ਦੇਂਦਾ ਹੈ ਕਿ ਦੂਜੀ ਸ਼ਕਲ ਵਿਚ ਆਪ ਉੱਤੇ ਮੁਕੱਦਮਾਂ ਚਲਾਇਆ ਜਾਵੇਗਾ, ਆਪ ਨੂੰ ਕੋਈ ਹੱਕ ਨਹੀਂ ਕਿ ਗੁਰਦਵਾਰਾ ਕਿਸੇ ਨੂੰ ਦੇ ਦੀਓ ਤੇ ਤੁਸੀਂ ਇਸਤਰਾਂ ਕਰਨ ਕਰਕੇ ਆਪਣਾ ਭੇਖ ਕਲੰਕਤ ਕਰ ਰਹੇ ਹੋ।

ਆਪ ਦੀ ਸੇਵਕ ਕਮੇਟੀ -
ਉਦਾਸੀਨ ਮਹਾਂ ਮੰਡਲ ਹਰਦਵਾਰ (ਸਹਾਰਨਪੁਰ)

### ਉੱਤਰ

ਮਹੰਤ ਕਿਰਪਾ ਰਾਮ ਨੇ ਜੋ ਉੱਤਰ ਇਸ ਨੋਟਸ ਦਾ ਦਿਤਾ ਹੈ ਉਸਦਾ ਭਾਵ ਅਰਥ ਇਉਂ ਹੈ :-

ਸ੍ਰੀ ਮਾਨ ਜੀ ! ਨੋਟਸ ਮਿਲ ਗਿਆ ਹੈ, ਉੱਤਰ ਵਿਚ ਇਹ ਹੈ ਕਿ ਪੈਹਲੇ ਤਾਂ ਮੇਰੇ ਪਾਸ ਕੋਈ ਕਮੇਟੀ ਲੈਣ ਵਾਸਤੇ ਆਈ ਹੀ ਨਹੀਂ ਤੇ ਜੇਕਰ ਆ ਭੀ ਜਾਂਦੀ, ਤਾਂ ਉਹਨਾਂ ਵਿਚੋਂ ਕਿਸੇ ਨੂੰ ਭੀ ਇਹ ਹੱਕ ਨਹੀਂ ਕਿ ਮੈਥੋਂ ਮਜਬੂਰੀ ਤੋਰ ਤੇ ਚੰਦਾ ਮੰਗ ਸਕਦੇ, ਕਿਉਂਕਿ ਮੈਂ ਐਸੇ ਫੰਡ ਵਿਚ ਚੰਦਾ ਦੇਣਾ ਕਿਸੇ ਤਰਾਂ ਭੀ ਚੰਗਾ ਨਹੀਂ ਸਮਝਦਾ, ਜਿਥੋਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਆਰੇ ੧੫੦ ਬੇਗੁਨਾਹੇ ਸਿੱਖਾਂ ਦੇ ਕਾਤਲਾਂ ਨੂੰ ਬਚਾਣ ਵਾਸਤੇ ਰੁਪਯਾ ਖਰਚ ਕੀਤਾ ਜਾਵੇ।

ਮੈਂ ਅਜੇ ਤਕ ਕ੍ਰਿਪਾਨਾਂ ਨਹੀਂ ਪਾਈਆਂ ਅਤੇ ਨਾਂ ਹੀ ਅਕਾਲੀ ਬਣਿਆਂ ਹਾਂ, ਪਰ ਮੇਰੀ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਸੇਵਾ ਵਿਚ ਇਹ ਬੇਨਤੀ ਹੈ ਕਿ ਮੈਨੂੰ ਐਸੀ ਤਾਕਤ ਬਖਸ਼ਣ ਕਿ ਮੈਂ ਵੀ ਇਸੇ ਹੀ ਹਦ ਅੰਦਰ ਆ ਸਕਾਂ।

ਗੁਰਦਵਾਰਾ ਮਾਲ ਜੀ ਸਾਹਿਬ ਨਾਂ ਕਦੇ ਆਪ ਦੀ ਮਲਕੀਅਤ ਰਹੀ ਹੈ ਅਤੇ ਨਾਂ ਹੀ ਹੁਣ ਹੋ ਸਕਦੀ ਹੈ ਤੇ ਨਾਂ ਹੀ ਇਸਦੇ ਪ੍ਰਬੰਧ ਅਤੇ ਮਹੰਤ ਦੇ ਨੀਯਤ ਕਰਨ ਦਾ ਆਪ ਨੂੰ ਕੋਈ ਅਖਤਿਆਰ ਹੀ ਹੈ, ਗੁਰਦਵਾਰਾ ਪਿਛੋਂ ਭੀ ਤੇ ਹੁਣ ਭੀ ਸਿੱਖਾਂ ਦਾ ਮਜਹਬੀ ਵਕਫ਼ ਹੋਇਆ ਹੋਇਆ ਗੁਰਦਵਾਰਾ ਹੈ। ਮੇਰੇ ਵਡੇ ਵਡੇਰੇ ਅਤੇ ਹੁਣ ਮੈਂ ਇਸਦੇ ਮਹੰਤ ਰਹੇ ਹਾਂ। ਇਹ ਮੇਰਾ ਆਪਣਾ ਹੱਕ ਹੈ ਕਿ ਮੈਂ ਇਸਦੇ ਯੋਗ ਪ੍ਰਬੰਧ ਵਾਸਤੇ ਜੇਹੜਾ ਤਰੀਕਾ ਠੀਕ ਸਮਝਾਂ ਉਹ ਕਰਾਂ ਅਤੇ ਇਹ ਸਿੱਖਾਂ ਦਾ ਫਰਜ ਹੈ ਕਿ ਓਹ ਇਸ ਪ੍ਰਬੰਧ ਨੂੰ ਵੇਖਣ ਕਿ ਮੈਂ ਪ੍ਰਬੰਧ ਠੀਕ ਕਰਦਾ ਹਾਂ ? ਮੈਂ ਗੁਰਦਵਾਰੇ ਦਾ ਪ੍ਰਬੰਧ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਹਥ ਦੇਣ ਦਾ ਫੈਸਲਾ ਕਰ ਲਿਆ ਹੈ ਤੇ ਹੁਣ ਉਹ ਇਸਦਾ ਪ੍ਰਬੰਧ ਮੇਰੀ ਸਲਾਹ ਨਾਲ ਕਰਨਾ ਮੰਨ ਗਏ ਹਨ।

ਮੈਂ ਭੇਖ ਵਿਚ ਅੱਗੇ ਵਾਂਗੂ ਹੀ ਹਾਂ, ਏਹ ਜੋ ਕੁਝ ਮੈਂ ਕੀਤਾ ਹੈ ਇਹ ਮੇਰੀ ਸ਼ਿਦਤ, ਰੋਅਬ ਅਤੇ ਤਰੱਕੀ ਦਾ ਕਾਰਨ ਬਣ ਗਿਆ ਹੈ ਕਿ ਮੈਂ ਸ੍ਰੀ ਗੁਰੂ ਨਾਨਕ ਉਪਸ਼ਕਾਂ ਵਾਲਾ ਸਿਦਕ ਹਾਸਲ ਕੀਤਾ ਹੈ, ਮੈਂ ਅਪਨਾ ਮਜਹਬ ਨਹੀਂ ਵਟਾਇਆ ਤੇ ਮੈਂ ਤੁਹਾਡੀ ਵਿਅਰਥ ਧਮਕੀ ਦੀ 'ਤੂੰ ਗੁਰਦਵਾਰੇ ਚੋਂ ਬਹਾਰ ਕੀਤਾ ਜਾਵੇਗਾ' ਕੋਈ ਪ੍ਰਵਾਹ ਨਹੀਂ ਕਰਦਾ ਤੇ ਤੁਸਾਂ ਦੇ ਇਸ ਕਥਨ ਦਾ ਫੈਸਲਾ ਕਿ 'ਤੂੰ ਅਪਨੇ ਭੇਖ ਵਾਸਤੇ ਸ਼ਰਮ ਦਾ ਕਾਰਨ ਬਣਿਆਂ ਹੈ' ਪਬਲਕ ਅਤੇ ਆਉਣ ਵਾਲੀ ਨਸਲ ਉਤੇ ਹੀ ਛੱਡਦਾ ਹਾਂ, ਮੁਕਦੀ ਗੱਲ ਇਹ ਹੈ ਕਿ ਮੈਂ ਉਹਨਾਂ ਆਦਮੀਆਂ ਜਿਨ੍ਹਾਂ ਦੇ ਹੱਕ ਗੁਰੂ ਨਾਨਕ ਦੇ ਸੈਂਕੜੇ ਬੇਗੁਨਾਹੇ ਸਿੱਖਾਂ ਦੇ ਲਹੂ ਨਾਲ ਰੰਗੇ ਹੋਏ ਹਨ ਉਹਨਾਂ ਨਾਲ ਰਸਮੋ ਰਵਾਜ ਅੱਕਠੀ ਰੱਖਨ ਵਾਲਿਆਂ ਨਾਲ ਮਿਲਣਾ ਵੀ ਆਪਣੀ ਬੇਇਜਤੀ ਸਮਝਦਾਂ ਹਾਂ। ਮੈਂ ਇਹਨਾਂ ਸ਼ਰਾਰਤੀ ਲੋਕਾਂ ਦੇ ਅਪਰਾਧਾਂ ਜਿਨ੍ਹਾਂ ਨੂੰ ਕਿ ਸ਼ਰਾਰਤਾਂ ਤੋਂ ਬਿਨਾਂ ਹੋਰ ਕੁਝ ਨਹੀਂ ਸੁਝਦਾ ਚੰਗੀ ਤਰਾਂ ਸਮਝਦਾ ਹਾਂ। ਨਾਲ ਹੀ ਮੈਂ ਆਪ ਨੂੰ ਸਲਾਹ ਦੇਂਦਾ ਹਾਂ ਕਿ ਇਹਨਾਂ ਸ਼ਰਾਰਤਾਂ ਨਾਲ ਨਾਮਿਲ-ਵਰਤਨ ਕਰੋ, ਨਹੀਂ ਤਾਂ ਉਹ ਹੋਰਨਾਂ ਵਾਂਗੂ ਆਪ ਨੂੰ ਵੀ ਧੋਖਾ ਦੇਕੇ ਆਪਣੇ ਕੀਤੇ ਦਾ ਫਲ ਭੁਗਤਣ ਵਾਸਤੇ ਛੱਡ ਦੇਣਗੀਆਂ।

ਮੈਂ ਹਾਂ ਆਪ ਦਾ ਸ਼ੁਭ ਚਿੰਤਕ -
ਮਹੰਤ ਕਿਰਪਾ ਰਾਮ, ਮਾਲ ਜੀ ਸਾਹਿਬ



❖ ❖ ❖ ❖

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ, ਅੰਗ-੨੧੯, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੩੬2}

ਮੂਲ

[ਗਉੜੀ ਮਹਲਾ ੯ ॥]

ਅਰਥ

**ਸਾਧੋ ਰਚਨਾ ਰਾਮ ਬਨਾਈ ॥ ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥੧॥ ਰਹਾਉ ॥ ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥ ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥੧॥ ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥ ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥੨॥੨॥**

ਹੈ ਸੰਤ (ਜਨੋਂ! ਇਹ ਸੰਸਾਰ ਦੀ) ਰਚਨਾ ਰਾਮ ਨੇ ਬਣਾਈ ਹੈ, (ਇਸ ਵਿਚ) ਇਕ ਬਿਨਸ ਰਿਹਾ ਹੈ, ਇਕ (ਹੋਰ ਉਸ ਨੂੰ ਬਿਨਸਦਿਆਂ ਦੇਖਦਾ ਹੈ ਪਰ ਫੇਰ ਆਪ ਨੂੰ ਸਦਾ) ਥਿਰ ਮੰਨ ਰਿਹਾ ਹੈ (ਇਹ) ਅਚਰਜ (ਗਲ ਕਿਸੇ ਦੀ) ਸਮਝੇ ਨਹੀਂ ਪੈਂਦੀ ॥੧॥ ਰਹਾਉ ॥

(ਅਸਲ ਗੱਲ ਇਹ ਹੈ ਕਿ) ਜੀਵ ਨੇ ਕਾਮ ਕ੍ਰੋਧ ਤੇ ਮੋਹ ਦੇ ਵੱਸ ਵਿਚ ਪੈਕੇ ਵਾਹਿਗੁਰੂ ਦੇ ਸਰੂਪ ਨੂੰ ਭੁਲਾ ਦਿੱਤਾ ਹੈ; (ਇਸ ਨੇ) ਝੂਠੇ ਸਰੀਰ ਨੂੰ ਸੱਚਾ ਕਰਕੇ ਮੰਨ ਲਿਆ ਹੈ ਜਿਵੇਂ ਸੁਪਨੇ (ਵਿਚ) ਰਾਤ ਨੂੰ (ਝੂਠੇ ਪਦਾਰਥ ਸਚ ਮੰਨ ਲਈਦੇ ਹਨ)॥੧॥

(ਪਰ ਸਚ ਇਹ ਹੈ ਕਿ) ਜੋ ਕੁਛ ਦਿੱਸਦਾ ਹੈ ਉਹ ਸਾਰਾ ਕੁਛ ਨਾਸ ਹੋ ਜਾਂਦਾ ਹੈ, ਜਿਵੇਂ ਕਿ ਬੱਦਲ ਦੀ ਛਾਂ (ਦੇਖਦੇ ਦੇਖਦੇ ਨਾਸ਼ ਹੋ ਜਾਂਦੀ ਹੈ)। (ਤਾਂਤੇ) ਨਾਨਕ ਦਾਸ ਨੇ ਜਗਤ ਨੂੰ ਮਿਥਿਆ ਜਾਣ ਲਿਆ ਹੈ, (ਇਸ ਕਰਕੇ) ਪ੍ਰਭੂ ਦੀ ਸ਼ਰਣ ਵਿਚ (ਸਦਾ) ਰਹਿੰਦਾ ਹੈ ॥੨॥੨॥

O saintly Persons! The entire created phenomenon has been the creation of the supreme all-pervading Lord. (In this creator world) a person dies but the another (who is witness to the others dying) deems himself immortal; this is God's wondrous play which is beyond human comprehension.1.Pause.

Human beings are under the spell of evils like lust, wrath, attachment, etc. and (consequently) they remain forgetful of the Lord. Human life and human body are evanescent like a dream one has during the night but still people deem them true and lasting.1.

The entire visible material created world will meet its end; it is insubstantial just like the shadow of a cloud. Nanak, the devotee of God, deems this world *mithia* or insubstantial; he advises man to seek shelter with God.2.2.

(English Translation : Dr. Dharam Singh)

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2021-22-23
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

## ਭਾਈ ਮਨੀ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਲਾਸਾਨੀ ਸ਼ਹੀਦ ਭਾਈ ਮਨੀ ਸਿੰਘ ਦੇ ਸ਼ਹੀਦੀ ਦਿਵਸ ਮੌਕੇ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਗੁਰਦੁਆਰਾ ਮੰਜੀ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ। ਕਥਾਵਾਚਕ ਗਿਆਨੀ ਹਰਮਿੱਤਰ ਸਿੰਘ ਨੇ ਸ਼ਹੀਦ ਭਾਈ ਮਨੀ ਸਿੰਘ ਦੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂੰ ਕਰਵਾਇਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਭਾਈ ਮਨੀ ਸਿੰਘ ਨੇ ਆਪਣੀ ਸ਼ਹਾਦਤ ਦੇ ਕੇ ਪੰਥ ਨੂੰ ਇਕ ਵੱਡੀ ਸਾਜਸ਼ ਦਾ ਹਿੱਸਾ ਨਾ ਬਨਣ ਦਿੱਤਾ। ਅੱਜ ਸਾਨੂੰ ਚਾਹੀਦਾ ਹੈ ਕਿ ਅਸੀਂ ਉਨ੍ਹਾਂ ਦੀ ਸ਼ਹਾਦਤ ਤੋਂ ਪ੍ਰੇਰਨਾ ਲਈਏ ਤਾਂ ਜੋ ਸਾਡਾ ਵਿਅਕਤੀਗਤ ਅਤੇ ਪੰਥਕ ਜੀਵਨ ਸੁਰਜੀਤ ਹੋ ਸਕੇ। ਇਸ ਮੌਕੇ ਕਮੇਟੀ ਦੇ ਕਈ ਮੈਂਬਰ ਸਾਹਿਬਾਨ ਵੀ ਹਾਜ਼ਰ ਸਨ।

## ਸਾਧਾਰਨ ਕਿਸਾਨ ਦਾ ਪੁੱਤਰ ਆਦੇਸ਼ ਪ੍ਰਤਾਪ ਸਿੰਘ ਬਣਿਆ ਫਲਾਇੰਗ ਅਫ਼ਸਰ



ਤਰਨ ਤਾਰਨ ਜ਼ਿਲੇ ਦੇ ਪਿੰਡ ਨੌਸ਼ਹਿਰਾ ਪੰਨੂੰਆ ਦੇ ਇਕ ਸਾਧਾਰਨ ਕਿਸਾਨ ਦਾ ਪੁੱਤਰ ਆਦੇਸ਼ ਪ੍ਰਤਾਪ ਸਿੰਘ ਪੰਨੂ ਭਾਰਤੀ ਹਵਾਈ ਫੌਜ ਵਿਚ ਸਿੱਧਾ ਫਲਾਇੰਗ ਅਫ਼ਸਰ ਨਿਯੁਕਤ ਹੋਇਆ ਹੈ ਜਿਸ ਨਾਲ ਇਲਾਕੇ ਦੇ ਲੋਗ ਬਾਗੋ ਬਾਗ ਹਨ। 19 ਸਾਲਾਂ ਦਾ ਆਦੇਸ਼ ਪ੍ਰਤਾਪ ਸਿੰਘ ਐਨ.ਡੀ.ਏ. ਨਿਸ਼ਾਨ-ਏ-ਸਿੱਖੀ ਅਕੈਡਮੀ, ਖਡੂਰ ਸਾਹਿਬ (ਤਰਨ ਤਾਰਨ) ਦਾ ਵਿਦਿਆਰਥੀ ਹੈ। ਇਸ ਮੌਕੇ ਮੁੱਖ-ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਫੇਸਬੁਕ ਪੋਸਟ ਜ਼ਰੀਏ ਆਦੇਸ਼ ਪ੍ਰਤਾਪ ਸਿੰਘ ਨੂੰ ਇੰਡੀਅਨ ਏਅਰ ਫੋਰਸ 'ਚ ਫਲਾਇੰਗ ਅਫ਼ਸਰ ਬਨਣ ਤੇ ਮੁਬਾਰਕਬਾਦ ਦਿੱਤੀ ਹੈ।

## ਬਾਬਾ ਬੰਦਾ ਸਿੰਘ ਬਹਾਦਰ ਇੰਜੀਨਿਅਰਿੰਗ ਕਾਲਜ ਨੂੰ ਨੈਕ ਵਲੋਂ ਏ-ਗ੍ਰੇਡ ਸਰਟੀਫਿਕੇਟ

ਸ਼੍ਰੋਮਣੀ ਕਮੇਟੀ ਵਲੋਂ ਚਲਾਏ ਜਾ ਰਹੇ ਬਾਬਾ ਬੰਦਾ ਸਿੰਘ ਬਹਾਦਰ ਇੰਜੀਨਿਅਰਿੰਗ ਕਾਲਜ ਨੂੰ ਅਗਲੇ ਪੰਜ ਸਾਲਾਂ ਲਈ ਨੈਕ ਵਲੋਂ 'ਏ' ਗ੍ਰੇਡ ਸਰਟੀਫਿਕੇਟ ਪ੍ਰਾਪਤ ਹੋਇਆ ਹੈ। ਇਸ ਮੌਕੇ ਖੁਸ਼ੀ ਜਾਹਰ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ. ਲਖਵੀਰ ਸਿੰਘ ਨੇ ਦੱਸਿਆ ਕਿ ਇਸ ਸਾਲ ਦੇਸ਼ ਦੇ 57 ਕਾਲਜਾਂ ਵਿਚੋਂ ਸਿਰਫ਼ 3 ਕਾਲਜਾਂ ਨੂੰ ਹੀ ਨੈਕ ਵਲੋਂ 'ਏ' ਗ੍ਰੇਡ ਸਰਟੀਫਿਕੇਟ ਦਿੱਤਾ ਗਿਆ ਹੈ ਜਿਨ੍ਹਾਂ ਵਿਚੋਂ ਪੰਜਾਬ ਤੋਂ ਬਾਬਾ ਬੰਦਾ ਸਿੰਘ ਬਹਾਦਰ ਇੰਜੀਨਿਅਰਿੰਗ ਕਾਲਜ ਇਕ ਹੈ। ਨੈਕ ਵਲੋਂ ਇਹ ਚੋਣ ਪਾਠਕ੍ਰਮ, ਟੀਚਿੰਗ ਲਰਨਿੰਗ ਮੁਲਾਂਕਣ, ਖੋਜ ਅਤੇ ਵਿਸਥਾਰ ਆਦਿ ਨੂੰ ਧਿਆਨ ਵਿਚ ਰੱਖ ਕੇ ਕੀਤੀ ਜਾਂਦੀ ਹੈ।

## ਦੋ ਪੰਜਾਬਣਾਂ ਸਰੀ ਪੁਲਿਸ ਬੋਰਡ ਦੀਆਂ ਡਾਇਰੈਕਟਰ ਨਿਯੁਕਤ



ਜਸਪ੍ਰੀਤ ਜੈਸੀ ਸੁੰਨੜ



ਮਾਨਵ ਗਿੱਲ

ਦੋ ਪੰਜਾਬਣਾਂ ਜਸਪ੍ਰੀਤ ਜੈਸੀ ਸੁੰਨੜ ਅਤੇ ਮਾਨਵ ਗਿੱਲ ਨੂੰ ਸਰੀ ਪੁਲਿਸ ਬੋਰਡ ਦੀ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ। ਬੀ.ਸੀ. ਦੇ ਪੰਜਾਬੀ ਭਾਈਚਾਰੇ ਵਲੋਂ ਇਨ੍ਹਾਂ ਨਿਯੁਕਤੀਆਂ ਦਾ ਭਰਵਾਂ ਸੁਆਗਤ ਕੀਤਾ ਗਿਆ ਹੈ। ਕੈਲਗਰੀ ਯੂਨੀਵਰਸਿਟੀ ਤੋਂ ਜੂਰੀਸ ਡਾਕਟਰ ਅਤੇ ਸਾਈਮਨ ਫਰੇਜ਼ਰ ਯੂਨੀਵਰਸਿਟੀ ਤੋਂ ਬੀ.ਏ. ਕ੍ਰਿਮਿਨੋਲੋਜੀ ਦੀ ਡਿਗਰੀ ਹਾਸਲ ਕਰਨ ਵਾਲੀ ਜਸਪ੍ਰੀਤ ਜੈਸੀ ਸੁੰਨੜ ਹਸਪਤਾਲ ਕਰਮਚਾਰੀ ਯੂਨੀਅਨ ਲਈ ਇਨ-ਹਾਊਸ ਕਾਨੂੰਨੀ ਸਲਾਹਕਾਰ ਹੈ। ਉਹ ਕਿਰਤ ਸੰਬੰਧਾਂ, ਰੁਜ਼ਗਾਰ ਅਤੇ ਮਨੁੱਖੀ ਅਧਿਕਾਰਾਂ ਦੇ ਕਾਨੂੰਨ ਵਿੱਚ ਮਾਹਿਰ ਹੈ। ਅੱਜ-ਕਲ੍ਹ ਉਹ ਸਰੀ ਵੀਮੈਨ ਸੈਂਟਰ ਦੇ ਬੋਰਡਾਂ ਅਤੇ ਕੈਨੇਡਾ ਵਿਚ ਸਯੁੰਕਤ ਰਾਸ਼ਟਰ ਸੰਘ (ਵੈਨਕੂਵਰ ਬ੍ਰਾਂਚ) ਵਿਚ ਸੇਵਾ ਨਿਭਾ ਰਹੀ ਹੈ। ਉਸਨੇ ਵੱਖ-ਵੱਖ ਦੱਖਣ ਪੂਰਬੀ ਏਸ਼ੀਆਈ ਦੇਸ਼ਾਂ ਦੇ ਬੱਚਿਆਂ ਦੀ ਸੁਰੱਖਿਆ ਅਤੇ ਮਨੁੱਖੀ ਤਸਕਰੀ ਵਿਰੋਧੀ ਕਾਨੂੰਨ ਦਾ ਖਰੜਾ ਤਿਆਰ ਕਰਨ ਵਿਚ ਸਹਾਇਤਾ ਕੀਤੀ ਹੈ। ਉਹ ਕੈਨੇਡੀਅਨ ਬਾਰ ਐਸੋਸੀਏਸ਼ਨ ਬੀ.ਸੀ. ਫੈਮਲੀ ਲਾਅ ਸੈਕਸ਼ਨ ਐਗਜ਼ੀਕਿਊਟਿਵ ਵਿਚ ਸੇਵਾ ਨਿਭਾ ਚੁੱਕੀ ਹੈ। ਮਾਨਵ ਗਿੱਲ ਫਰੇਜ਼ਰ ਹੈਲਥ ਵਿਚ ਕਲੀਨੀਕਲ ਆਪਰੇਸ਼ਨ ਦੀ ਮੈਨੇਜਰ ਹੈ। ਸਿਹਤ ਸੁਰੱਖਿਆ ਖੇਤਰ ਵਿਚ ਉਸਨੂੰ ਵਿਸ਼ਾਲ ਤਜ਼ਰਬਾ ਹੈ। ਉਹ ਬੀ.ਸੀ. ਸੈਂਟਰ ਫ਼ਾਰ ਡਿਸੀਜ਼ ਕੰਟਰੋਲ ਲਈ ਜਨਤਕ ਸਿਹਤ ਪ੍ਰਬੰਧਕ ਵੀ ਰਹੀ ਹੈ। ਮਾਨਵ ਗਿੱਲ ਨੇ ਵਿਕਟੋਰੀਆ ਯੂਨੀਵਰਸਿਟੀ ਤੋਂ ਮਾਸਟਰ ਆਫ਼ ਹੈਲਥ ਐਡਮਿਨੀਸਟ੍ਰੇਸ਼ਨ ਕੀਤੀ ਹੋਈ ਹੈ।

❖ ❖ ❖ ❖